২৭।৪।২২

ਸਭ ਹੱਕ ਰਾਖਵੇਂ ਹਨ

5/- 1/4/- 1389

੧ ਓ ਸਤਿਗੁਰਪ੍ਰਸਾਦਿ ॥

ਪੰਜਾਬੀ ਨਾਵਲ ਕੰਪਨੀ ਵਲੋਂ

ਅਤਿਅੰਤ ਸੁਆਦਲਾ ਨਾਵਲ

# ਕ੍ਰਿਪਾਲ ਕੌਰ

ਅਰਥਾਤ

## ਕਾਲਾ ਵੇਗੀ ਛਭ ਦੀ ਲੁਟ

ਇਸ ਵਿਚ ਇਕ ਪਤਿਬ੍ਰਤਾ ਇਸਤ੍ਰੀ ਦਾ ਡਾਕੂਆਂ ਦੇ ਵਸ ਪੈਣਾ ਉਥੋਂ ਬਚਕੇ ਇਕ ਭਲੇ ਘਰਾਣੇ ਵਿਚ ਨੌਕਰੀ ਕਰਨੀ ਆਖਰ ਬੜੇ ਦੁਖਾਂ ਪਿਛੋਂ ਅਜੀਬ ਤ੍ਰੀਕੇ ਨਾਲ ਆਪਣੇ ਪਤੀ ਨੂੰ ਮਿਲਣਾ ਆਦਿਕ ਅਤਿਅੰਤ ਸੁਆਦਲੇ ਹਾਲਾਤ ਹਨ

(ਅਸਲ ਬੰਗਾਲੀ ਪੁਸਤਕ ਦਾ ਉਲਥਾ)

ਪ੍ਰਕਾਸ਼ਕ

ਭਾਈ ਪ੍ਰਤਾਪ ਸਿੰਘ ਸੁੰਦਰ ਸਿੰਘ

ਪੁਸਤਕਾਂ ਵਾਲੇ ਮਾਲਕ ਗੁਰਮਤ ਨੈਸ਼ਨਲ ਏਜੰਸੀ

ਬਾਜ਼ਾਰ ਮਾਈ ਸੇਵਾਂ ਸ੍ਰੀ ਅੰਮ੍ਰਿਤਸਰ ਜੀ

---

ਕਾਰੋਨੇਸ਼ਨ ਪ੍ਰਿੰਟਿੰਗ ਵਰਕਸ ਅੰਮ੍ਰਿਤਸਰ ਵਿਚ ਭਾਈ ਗੁਪਾਲ ਸਿੰਘ ਮੈਨੇਜਰ ਦੇ ਯਤਨ ਨਾਲ ਛਪਿਆਂ ॥

੧ ੳ ਸਤਿਗੁਰਪ੍ਰਸਾਦਿ ॥

--o--

# ਮੈਂ ਸੌਹਰੇ ਘਰ ਜਾਵਾਂਗੀ

## ੧.

ਵੀਹਾਂ ਵਰਿਆਂ ਦੀ ਉਮਰ, ਜਵਾਨੀ ਦੀਆਂ ਰਾਤਾਂ, ਮੁਰਾਦਾਂ ਦੇ ਦਿਨ ਪਰ ਮੈਂ ਸੌਹਰੇ ਘਰ ਹੀ ਨਹੀਂ ਗਈ, ਅਤੇ ਨਾ ਹੀ ਆਪਨੇ ਪਿਆਰੇ ਪਤੀ ਜੀ ਦੇ ਸ਼ੁਭ ਦਰਸ਼ਨ ਕੀਤੇ, ਇਸਦਾ ਕਾਰਨ ਇਹ ਕਿ ਮੇਰੇ ਸੌਹਰੇ ਕੁਛ ਗਰੀਬ ਸਨ, ਵਿਆਹ ਦੇ ਕੁਛ ਦਿਨ ਪਿਛੋਂ ਹੀ ਮੇਰੇ ਸੌਹਰੇ ਜੀ ਨੇ ਮੈਨੂੰ ਬੁਲਾਨਾ ਚਾਹਿਆ ਪਰ ਪਿਤਾ ਜੀ ਨੇ ਮੇਰੇ ਭੇਜਨ ਦੀ ਥਾਂ ਇਹ ਸੰਦੇਸਾ ਦੇ ਘਲਿਆ ਕਿ ਪੈਹਲੇ ਲੜਕੇ ਨੂੰ ਵਿਦਿਆ ਦਵਾਓ, ਅਤੇ ਕਮਾਵਨ ਦਾ ਢੰਗ ਸਖਾਓ, ਫੇਰ ਮੇਰੀ ਸਪੁਤ੍ਰੀ ਨੂੰ ਲੈ ਜਾਓ।

ਏਹ ਗਲ ਮੇਰੇ ਪ੍ਰਾਨ ਪਤੀ ਜੀ ਨੂੰ ਬੁਰੀ ਭਾਸੀ, ਅਤੇ ਆਖਨ ਲਗੇ ਕਿ ਹੁਣ ਪੈਹਲੇ ਕਮਾਕੇ ਹੀ ਘਰ ਵਸਾਵਾਂਗੇ, (ਜਵਾਨੀ ਦੀ ਉਮਰ ਜ਼ਿਦੀ ਅਤੇ ਹਠੀ ਹੁੰਦੀ ਹੈ) ਏਹ ਆਖਕੇ ਸਫਰ ਕਰਨ ਦੀ ਤਿਆਰੀ ਕਰਕੇ ਘਰੋਂ ਚਲ ਪਏ, ਸਫਰ ਕੋਈ ਅਜ ਕਲ ਵਾਂਗੂ ਨਹੀਂ ਸੀ, ਉਸ ਜਮਾਨੇ ਵਿਚ ਨਾ ਤੇ ਰੇਲ ਦਾ ਹੀ ਕੋਈ ਸੰਬੰਧ ਸੀ ਅਤੇ ਨਾ ਹੀ ਸੜਕਾਂ ਬਣੀਆਂ ਹੋਈਆਂ ਸਨ, ਬਹੁਤ ਚਿਰ ਸਫਰ

ਕਰਨ ਤੇ ਮੁਸੀਬਤਾਂ ਝੱਲਣ ਪਿਛੋਂ ਦੇਸ਼ ਵਿਚ ਪੁਜੇ, ਪਰ ਆਪਣੇ ਆਸ਼ੇ ਨੂੰ ਘਟ ਨਹੀਂ ਹੋਣ ਦਿਤਾ, "ਜੋ ਆਪਣੇ ਦਿਲ ਨੂੰ ਆਪਣੇ ਕਾਬੂ ਕਰ ਸਕਦਾ ਹੈ, ਉਹ ਹਰ ਇਕ ਮੁਸ਼ਕਲ ਤੋਂ ਮੁਸ਼ਕਲ ਚੀਜ਼ ਨੂੰ ਭੀ ਜਿਤ ਸਕਦਾ ਹੈ" ਰੁਪੈ ਪੈਸਿਆਂਦਾ ਪੈਦਾ ਕਰਨਾ ਤਾਂ ਕੋਈ ਵਡੀ ਗਲ ਨਹੀਂ, ਸਭ ਅਠ ਵਰ੍ਹਿਆਂ ਤਕ ਕੰਮ ਕੀਤਾ ਪਰ ਘਰ ਦੀ ਖਬਰ ਸੂਰਤ ਤਕ ਭੀ ਨਾ ਲਈ ਮੇਰੇ ਗੁਸੇ ਦੀ ਅਗ ਮੇਰੇ ਸਰੀਰ ਨੂੰ ਭੀ ਭਸਮ ਕਰਨ ਲਗੀ, ਤੇ ਮਾਂ ਪਿਓ ਨੂੰ ਉਸੇ ਗੁਸੇ ਵਿਚ ਹੀ ਏਹ ਆਖ ਦਿਤਾ ਸੀ ਕਿ ਤੁਹਾਨੂੰ ਕਿਤਨੇ ਰੁਪੈ ਦੀ ਲੋੜ ਹੈ, (ਕਿਉਂਕਿ ਰੁਪਿਆਂ ਦਾ ਸਵਾਲ ਤਾਂ ਉਨ੍ਹਾਂ ਨੇ ਹੀ ਚੁਕਿਆ ਸੀ) ਅਤੇ ਕੀ ਰੁਪੈ ਮੇਰੇ ਸੁਖ ਨਾਲੋਂ ਵਧ ਕੀਮਤੀ ਹਨ, ਮੇਰੇ ਪਿਤਾ ਜੀ ਦੇ ਘਰ ਰੁਪਿਆਂ ਦੀ ਕੀ ਤੋੜ ਸੀ, ਮੈਂ ਤਾਂ ਰੁਪਿਆਂ ਵਿਚ ਹੀ ਖੇਲਦੀ ਰੈਂਹਦੀ ਸਾਂ, ਮੈਂ ਇਕ ਰਾਤ ਆਪਣੇ ਹੇਠਾਂ ਸਾਰੇ ਰੁਪੈ ਵਛਾਕੇ ਸੌਂ ਰਵ੍ਹਾਂਗੀ, ਅਤੇ ਦੇਖਾਂਗੀ ਕਿ ਰੁਪੈ ਮੈਨੂੰ ਕੀ ਸੁਖ ਦੇਣਗੇ, ਮਾਤਾ ਜੀ ਮੇਰਾ ਮਤਲਬ ਤਾਂ ਛੇਤੀ ਸਮਝ ਗਏ, ਅਤੇ ਬੋਲੇ! ਕੀ ਤੂੰ ਪਾਗਲ ਹੋਗਈ ਹੈਂ, ਮੈਨੂੰ ਪਤਾ ਨਹੀਂ ਕਿ ਉਨ੍ਹਾਂ ਕੀ ਖੇਡ ਖੇਡੀ, ਉਸੇ ਘੜੀ ਤੋਂ ਮੇਰੀ ਜ਼ਿੰਦਗੀ ਦੀ ਰਾਮ ਕਹਾਨੀ ਸ਼ੁਰੂ ਹੋਗਈ ਥੋੜੇ ਦਿਨਾਂ ਪਿਛੋਂ ਮੇਰੇ ਪ੍ਰਾਨ ਪਤੀ ਜੀ ਘਰ ਆਏ, ਅਤੇ ਸਾਰੇ ਘਰ ਵਿਚ ਰੌਲਾ ਪੈਗਿਆ ਕਿ ਕਮਸਟ੍ਰਿਟ ਦਾ ਮਾਲ ਚੋਖਾ ਮਾਰਕੇ ਲਿਆਏ ਹਨ, ਮੇਰੇ ਸੌਹਰੇ ਸਾਹਿਬ ਨੇ ਮੇਰੇ ਪਿਤਾ ਜੀ ਨੂੰ ਚਿਠੀ ਲਿਖੀ, ਕਿ ਤੁਹਾਡੀ ਕ੍ਰਿਪਾ ਨਾਲ ਕਰਤਾਰ ਸਿੰਘ ਦੀ ਮਾਲੀਹਾਲਤ ਹਛੀ ਹੋਗਈ ਹੈ, ਕ੍ਰਿਪਾ ਕਰਕੇ ਲੜਕੀ ਨੂੰ ਤੋਰ ਦਿਓ, ਜੇ ਨਹੀਂ ਤਾਂ ਦੂਜੀ ਸ਼ਾਦੀ

ਦਾ ਪ੍ਰਬੰਧ ਕੀਤਾ ਜਾਵੇ,ਮੈਂ ਆਪਣੇ ਪ੍ਰਾਨ ਪਤੀ ਜੀ ਦਾ ਨਾ ਲੈ ਲਿਆ, ਵਾਹਿਗੁਰੂ ਵਾਹਿਗੁਰੂ !! ਪਰ ਮੈਂ ਕਰਾਂ ਕੀ ਨਵੀਂ ਤਹਜ਼ੀਬ ਵਾਂਗ ਮੈਨੂੰ ਕੇਹਨਾ ਹੀ ਚਾਹੀਏ ਕੇ 'ਮਰੇ ਥਾਂ ਕਰਤਾਰ ਸਿੰਘ ਜੀ" ਕਿਉਂਕਿ ਨਵੀਆਂ ਵਹੁਟੀਆਂ ਕੁੜੀਆਂ ਏਸੇ ਵਿਚ ਹੀ ਅਪਨੀ ਇਜ਼ਤ ਸਮਝਦੀਆਂ ਹਨ।

ਪਾਲਕੀ ਜੇਹੜੀ ਮੇਰੇ ਲਿਆਵਨ ਲਈ ਆਈ ਸੀ, ਅੰਦਰੋਂ ਖੀਨਖਾਬ ਤੇ ਜ਼ਰੀ ਨਾਲ ਮੜੀ ਹੋਈ ਸੀ ਖੀਨਖਾਬ ਦੇ ਕੰਢਿਆ ਉਪਰ ਬੜਾ ਸੋਹਨਾ ਰੁਪੈਹਲੀ ਕੰਮ ਹੋਇਆ ਹੋਇਆ ਸੀ, ਅਤੇ ਚੋਬਦਾਰਾਂ ਦੇ ਸੋਟਿਆਂ ਉਪਰ ਚਾਦੀ ਦੇ ਸਮ ਚੜੇ ਹੋਏ ਸਨ, ਅਤੇ ਪਾਲਕੀ ਨਾਲ ਜਗਾ ੨ ਤੇ ਘੁੰਗਰੂ ਚਾਂਦੀ ਦੇ ਬਜੇ ਹੋਏ ਸਨ ਜੋ ਹਿਲਨ ਜੁਲਨ ਨਾਲ ਬੜੀ ਚੰਗੀ ਤਰਾਂ ਛਨਕਦੇ ਸਨ ਜੇਹੜੀ ਨੌਕਰਾਨੀ ਡੋਲੀ ਨਾਲ ਆਈ ਸੀ ਉਸ ਨੇ ਭੀ ਇਕ ਰੇਸ਼ਮੀ ਸਾੜ੍ਹੀ ਬਧੀ ਹੋਈ ਸੀ, ਤੇ ਗਲ ਵਿਚ ਸੋਨੇ ਦੇ ਮੋਟੇ ਦ ਨਿਆਂ ਵਾਲੀ ਮਾਲਾ ਪਾਈ ਹੋਈ ਸੀ।

ਮੇਰੇ ਪਿਤਾ ਜੀ ਦਾ ਨਾਮ ਸ੍ਰ:ਜਵਾਹਰ ਸਿੰਘਜੀ ਸੀ, ਉਹ ਜਦੀ ਅਮੀਰ ਸਨ, ਏਹ ਠਾਠ ਬਾਠ ਦੇਖ ਕੇ ਹਸੇ, ਅਤੇ ਮੇਰੀ ਵਲ ਮੂੰਹ ਕਰਕੇ ਬੋਲੇ।

ਪੁਤ੍ਰੀ ਮਹਿੰਦਰੋ ਮੈਂ ਹੁਨ ਤੁਸਾਂ ਨੂੰ ਬਹੁਤ ਚਿਰ ਏਥੇ ਨਹੀ ਰਖ ਸਕਦਾ ਤੁਸੀਂ ਹੁਨ ਅਪਨੇ ਘਰ ਜਾਓ, ਅਤੇ ਏਹ ਨਵਾਂ ਠਾਠ ਬਾਠ ਨਵੇਂ ਬਨੇ ਅਮੀਰਾਂ ਦਾ ਦੇਖ ਕਰ ਘਬਰਾਉਨਾ ਨਹੀ ਮੈਂ ਥੋੜੇ ਚਿਰ ਪਿਛੋਂ ਤੈਨੂੰ ਮੰਗਵਾ ਲਵਾਂਗਾ।

ਮੈਂ ਕੀ ਉਤਰ ਦਿੰਦੀ ਦਿਲ ਵਿਚ ਤਾਂ ਇਸ ਮੇਹਨੇ

ਨੂੰ ਬੁਰਾ ਮਨਾਇਆ, ਤੇ ਅਪਨੀ ਨਿਰਾਦਰੀ ਸਮਝੀ।

ਮੇਰੀ ਛੋਟੀ ਭੈਨ ਜੋ ਕੋਲ ਖੜੋਤੀ ਸੀ, ਸ਼ਾਇਦ ਤਾੜ ਗਈ ਹੋਵੇ, ਪੁਛਨ ਲਗੀ ਭੈਨ ਜੀ ਹੁਨ ਫੇਰ ਕਦ ਆਵੋਗੇ, ਇਨਾ ਸੁਨਕੇ ਮੈਂ ਉਸ ਦਾ ਮੂੰਹ ਚੁਮਿਆ ਤੇ ਪਿਆਰ ਕੀਤਾ।

ਕਮਲਨੀ (ਮੇਰੀ ਵਢੀ ਭੈਨ ਦਾ ਨਾਮ) ਭੈਨ ਜੀ ਸੌਹਰੇ ਕਿਸਤ੍ਰਾਂ ਦੇ ਹੁੰਦੇ ਹਨ, ਜਾਨਦੇ ਹੋ ਕਿ ਨਹੀਂ।

ਮੈਂ ਜਾਨਦੀ ਹਾਂ ਜਿਸਤ੍ਰਾਂ ਲਛਮੀ ਜੀ ਦਾ ਪਤੀ ਕਾਮ ਦੇਵ ਦੇ ਫੁਲਾਂ ਦੇ ਤੀਰ ਲਛਮੀ ਜੀ ਨੂੰ ਮਾਰ ੨ ਮਿਲਦਾ ਹੈ, ਤੇ ਜਨਮ ਸੁਫਲ ਕਰਦਾ ਹੈ, ਸੌਹਰੇ ਘਰ ਇਸਤ੍ਰੀ ਪੈਰ ਰਖਦੀ ਇਕ ਅਪਛਰਾਂ ਦੀ ਨਿਆਈ ਹੋ ਜਾਂਦੀ ਹੈ, ਸਿਆਲੇ ਦੀਆਂ ਰਾਤਾਂ ਵਿਚ ਭੀ ਮਸਿਆ ਦਾ ਚੰਦ੍ਰਮਾਂ ਪੂਰੇ ਜੋਬਨ ਵਿਚ ਰੈਹਦਾ ਹੈ॥

ਕਮਲਨੀ ਮੌਤ ਤੋਂ ਛੁਟ ਉਥੇ ਹੋਰ ਹੁੰਦਾ ਹੀ ਕੀ ਹੈ।

## ੨.

# ਮੈਂ ਸੌਹਰੇ ਚਲੀ

ਕਮਲਨੀ ਤਾਂ ਇਹ ਗਲਾਂ ਕਰਕੇ ਚਲੀ ਗਈ, ਮੇਰੇ ਸੌਹਰੇ ਮਨੋਹਰ ਪੁਰ ਵਿਚ ਸਨ, ਜੋ ਉਥੋਂ ਕੋਈ ਦਸਕ ਕੋਹ ਦੀ ਵਿਥ ਪੁਰ ਸੀ, ਇਸ ਕਰਕੇ ਰੋਟੀ ਪਾਨੀ ਸਵੇਰੇ ਹੀ ਖਾ ਪੀ ਲੀਤਾ ਸੀ, ਕਿਉਂਕਿ ਮੈਂਨੂੰ ਭਾਸਦਾ ਸੀ ਕਿ ਜਾਂਦੇ ੨ ਰਾਤ ਹੋ ਜਾਵੇਗੀ॥

ਮੈਨੂੰ ਇਹ ਫਿਕਰ ਸੀ ਕਿ ਰਾਤ ਵੇਲੇ ਮੈਂ ਪਤੀ ਜੀ ਦੇ ਦਰਸ਼ਨ ਕਰ ਸਕਾਂਗੀ, ਤੇ ਨਾਹੀ ਉਹ ਮੈਨੂੰ ਦੇਖ ਸਕਨਗੇ, ਅਖਾਂ ਵਿਚੋਂ ਅਥਰੂ ਕਿਰਨ ਲਗ ਪਏ, ਮਾਤਾ ਜੀ ਨੇ

ਮੇਰੇ ਕੇਸ ਚੰਗੀ ਤਰਾਂ ਸਾਫ ਕਰਕੇ ਜੂੜਾ ਕੀਤਾ ਸੀ, ਕਿ ਕਿਤੇ ਦੁਰਾਡੇ ਜਾਨ ਵਿਚ ਕੇਸ ਖੁਲ ਨ ਜਾਨ, ਤੇ ਮੇਰੀ ਸੁਹੱਪਣਤਾ ਵਿਚ ਕੋਈ ਫਰਕ ਨ ਆ ਜਾਵੇ, ਆਪ ਇਸ ਤੇ ਹਸੋ ਨਾ ਕਿਉਂਕਿ ਮੈਂ ਅਜ ਪੈਹਲੀ ਵਾਰੀ ਤ੍ਾਂ ਸੌਹਰੇ ਘਰ ਚਲੀ ਸਾਂ ਰਾਹ ਵਿਚ ਇਕ ਲੰਮੀ ਤੇ ਸੋਹਨੀ ਬਉਲੀ (ਕਾਲਾ ਦੇਗੀ)ਆਈਜਿਸਦਾ ਪਾਨੀ ਅਧ ਕੋਹ ਵਿਚ ਸੀ,ਕੰਧਾਂ ਪਹਾੜ ਵਾਂਗ ਉਚੀਆਂ ਸਨ ਆਰ ਪਾਰ ਜਾਨ ਵਾਸਤੇ ਇਕ ਰਸਤਾ ਬਨਿਆ ਹੋਇਆ ਸੀ, ਜਿਸ ਵਿਚੋਂ ਪਾਨੀ ਦੀ ਨੀਲੀ ਝਲਕ ਇਕ ਸੁਕੇ ਦਿਲ ਨੂੰ ਵੀ ਖੁਸ਼ੀ ਵਿਚ ਲੈ ਆਉਂਦੀ ਸੀ, ਆਦਮੀ ਇਸ ਪਾਸਿਓਂ ਕੁਝ ਘੱਟ ਹੀ ਲੰਗਦੇ ਸਨ, ਕਿਉਂਕਿ ਇਥੇ ਨਿਰੀ ਇਕ ਹੀ ਹਟੀ ਸੀ ਅੰਤ ਜੋ ਘਰ ਆਸ ਪਾਸ ਬਨੇ ਹੋਏ ਹਨ, ਉਨ੍ਹਾਂ ਕਰਕੇ ਹੀ ਇਸ ਨੂੰ ਕਾਲਾ ਦੇਗੀ ਕੈਂਹਦੇ ਹਨ ॥

ਇਸ ਬਉਲੀ ਦੇ ਕੋਲੋਂ ਲੰਘਣ ਲਗਿਆਂ ਦਿਲ ਕੰਬਦਾ ਹੈ, ਇਸੇ ਕਰਕੇ ਇਸ ਪਾਸਿਓਂ ਲੋਕ ਘਟ ਵਧ ਹੀ ਲੰਘਦੇ ਹਨ, ਇਥੇ ਹਰ ਵੇਲੇ ਡਾਕੂਆਂ ਦਾ ਹੀ ਭੈ ਲਗਾ ਰੈਂਹਦਾ ਹੈ, ਅਤੇ ਇਹ ਭੀ ਮਸ਼ਹੂਰ ਹੈ ਕਿ ਹਟੀ ਵਾਲੇ ਭੀ ਇਨਾਂ ਡਾਕੂਆਂ ਵਿਚੋਂ ਹੀ ਹਨ, ਪਰ ਮੈਨੂੰ ਕੀ ਡਰ ਸੀ, ਮੇਰੇ ਸੋਲਾਂ ਝੀਊਰ ਡੋਲੀ ਚੁਕਨ ਵਾਲੇ ਪੈਹਰੇ ਦਾਰ ਅਤੇ ਹੋਰ ਬਹੁਤ ਸਾਰੇ ਨੌਕਰ ਸ਼ਨ ॥

ਸਾਨੂੰ ਉਸ ਜਗਾ ਪਹੁਚਦੇ ੨ ਢਾਈ ਪੈਹਰ ਦਿਨ ਬੀਤ ਗਿਆ ਸੀ, ਪੈਹਰੇਦਾਰਾਂ ਨੂੰ ਜਦ ਅੱਗੇ ਚਲਨ ਲਈ ਕਿਹਾ ਤਾਂ ਕਹਾਰਾਂ ਅਤੇ ਨੌਕਰਾਂ ਨੇ ਆਖਿਆ ਕਿ ਸਵੇਰ ਦਾ ਅਨ ਜਲ ਨਹੀ ਕੀਤਾ ਸੋ ਕਰ ਲਵੀਏ ਫਿਰ ਚਲਾਂ ਗੇ,

ਪੈਹਰੇ ਦਾਰਾਂ ਨੂੰ ਆਖਿਆ ਕਿ ਇਹ ਜਗਾ ਚੰਗੀ ਨਹੀ ਹੈ, ਉਤਰ ਮਿਲਿਆ ਕਿ ਅਸੀਂ ਕਈ ਜਨੇ ਹਾਂ ਕੋਈ ਪ੍ਰਵਾਹ ਨਹੀ ॥

ਮੇਰੀ ਡੋਲੀ ਇਕ ਸੰਘਨੇ ਬ੍ਰਿਛ ਦੇ ਹੇਠਾਂ ਰਖ ਦਿਤੀ ਗਈ ॥

ਡੋਲੀ ਰਖਨ ਉਪਰ ਮੈਨੂੰ ਬਹੁਤ ਹੀ ਗੁਸਾ ਆਇਆ ਪਰ ਨੌਕਰਾਂ ਤੇ ਕਹਾਰਾਂ ਨੂੰ ਕਾ ਕੈਂਹਦੀ ਉਹ ਤਾਂ ਕਪੜੇ ਲਾਹ ਕੇ ਬੈਠ ਗਏ ਤੇ ਲਗੇ ਕੁੜਤਿਆਂ ਦੇ ਪਖੇ ਬਨਾਉਨ। ਮੈਂ ਤਹਜੀਬ ਤੇ ਵਡੱਪਣ ਦੇ ਖਿਆਲ ਨਾਲ ਕੁਜ ਬੋਲ ਨ ਸਕੀ. ਥੋੜੇ ਚਿਰ ਪਿਛੋਂ ਮੈਂਨੂੰ ਛੇਤੀ ਹੀ ਖਿਆਲ ਆਇਆ ਕਿ ਮੈਂ ਕਿਨੀ ਖੁਦ ਗਰਜ਼ ਹਾਂ, ਅਪਨੇ ਸੁਖ ਦੀ ਖਾਤਰ ਦੂਸਰਿਆਂ ਦੇ ਦੁਖਾਂ ਦੀ ਭੀ ਪ੍ਵਾਹ ਨਹੀਂ ਕਰਦੀ, ਮੈਨੂੰ ਤਾਂ ਨਿਰਾ ਆਪਨੇ ਪ੍ਰਾਨ ਪਤੀ ਜੀ ਦੇ ਮਿਲਨ ਦੀ ਖਿਚ ਹੈ, ਪਰ ਇਨਾ ਵਿਚਾਰਿਆਂ ਨੇ ਤਾਂ ਕੁਝ ਖਾਧਾ ਪੀਤਾ ਭੀ ਨਹੀ, ਹੁਨ ਮੇਰਾ ਖਿਆਲ ਬਿਲਕੁਲ ਪੈਹਲੇ ਦੇ ਉਲਟ ਹੋ ਗਇਆ ਤੇ ਅਪਨੇ ਮਨ ਨੂੰ ਲਾਨਤਾਂ ਦੇਨ ਲਗੀ ॥

ਕੁਝ ਚਿਰ ਪਿਛੋਂ ਮੈਂਨੂੰ ਪਤਾ ਲਗਾ ਕਿ ਮੇਰੇ ਸਾਥੀ ਬਹੁਤ ਦੂਰ ਲੰਘ ਗਏ ਹਨ ਮੈਂ ਇਕ ਪਾਸੇ ਦਾ ਪੜਦਾ ਚੁਕ ਕੇ ਦੇਖਿਆ ਤਾਂ ਕਹਾਰ ਤਾਂ ਕੋਈ ਡੇਢ ਵਿਘੇ ਦੀ ਵਿਥ ਪੁਰ ਰੋਟੀ ਖਾਂਦੇ ਦਿਸੇ, ਅਸਮਾਨ ਹੁਨ ਬਦਲਾਂ ਨਾਲ ਢਕਿਆ ਹੋਇਆ ਹੋਰ ਭੀ ਮੇਰੇ ਦਿਲ ਨੂੰ ਘਬਰੋਨ ਦੀ ਕੋਸ਼ਸ਼ ਕਰਨ ਲਗਾ ॥

ਫਿਰ ਮੈਂ ਬਾਵਲੀ ਵਲ ਨਜਰ ਮਾਰੀ ਤਾਂ ਮੇਰੇ ਰੈਂਹਦਾ ਖੂੰਹਦਾ ਸਾਹਸਤ ਵੀ ਕਫੂਰ ਦੀ ਨਿਆਂਈਂ ਹਵਾਵਿਚ

ਆਪਨਾ ਘਰ ਬਨਾਉਨ ਲਗੇ; ਕਿਉਂਕਿ ਸਾਰੇ ਦੇ ਸਾਰੇ ਆਦਮੀ ਹੀ ਬਾਵਲੀ ਵਿਚ ਪਾਨੀ ਪੀਨ ਨਾਵਨ ਲਈ ਵੜ ਗਏ ਤੇ ਮੇਰੀ ਡੋਲੀ ਪਾਸ ਨਿਰੀਆਂ ਦੋ ਤ੍ਰੀਮਤਾਂ ਹੀ ਰੈਹ ਗਈਆਂ ਸਨ ਇਕ ਤਾਂ ਸੌਹਰੇ ਘਰੋਂ ਆਈ ਹੋਈ ਤੇ ਦੂਸਰੀ ਜਿਸ ਨੂੰ ਮੈਂ ਆਪਨੇ ਨਾਲ ਲਿਆਈ ਸਾਂ ਉਹ ਦੋਵੇਂ ਵੀ ਅਸ਼ਨਾਨ ਕਰਨ ਦੀ ਚਾਨਾ ਕਰ ਮੈਨੂੰ ਕਲੀ ਨੂੰ ਛਡ ਤੁਰ ਗਈਆਂ ਮੈਂ ਕਲੀ ਰਹੀ, ਮੈਂ ਕਿਸ ਨੂੰ ਬੁਲਾਵਾ ਕਿਉਂਕਿ ਮੈਂ ਇਕ ਚੰਗੇ ਘ੍ਰਾਨੇ ਦੀ ਨੂੰਹ ਧੀ ਸਾਂ ॥

ਇਕ ਧੜਗ ਕਰਕੇ ਪਾਲਕੀ ਜਾਂ ਡੋਲੀ ਦੇ ਪਿਛਲੇ ਪਾਸਿਓਂ ਕਿਸੇ ਦੇ ਛਾਲ ਮਾਰਨ ਦੀ ਅਵਾਜ਼ ਆਈ ਤਾਂ ਮੈਂ ਪਾਲਕੀ ਦਾ ਦੂਜਾ ਪਰਦਾ ਚੁਕਕੇ ਦੇਖਿਆ ਤਾਂ ਇਕ ਕਾਲਾ ਬੰਬ ਤੇ ਡਰਾਵਨੀ ਸੂਰਤ ਵਾਲਾ ਆਦਮੀ ਵਖਾਈ ਦਿਤਾ, ਮੈਂ ਡਰਦੇ ਮਾਰੇ ਪਰਦਾ ਸੁਟਦੀ ਹੀ ਸਾਂ, ਕਿ ਇਕ ਉਸ ਤਰਾਂ ਦੀ ਹੋਰ ਆਵਾਜ ਆਈ ਇਸ ਤਰਾਂ ਚਾਰ ਆਦਮੀ ਇਕ ਇਕ ਕਰਕੇ ਛਾਲਾਂ ਮਾਰਦੇ ਸੁਨੇ, ਉਨਾਂ ਚਵਾਂ ਨੇ ਆਉਂਦਿਆ ਹੀ ਮੇਰੀ ਡੋਲੀ ਚੁਕੀ ਤੇ ਜੰਗਲ ਵਲ ਦੌੜ ਪਏ ਮੇਰੇ ਨੌਕਰਾਂ ਤੇ ਕਹਾਰਾਂ ਨੇ ਉਨਾਂ ਨੂੰ ਦੌੜਦਿਆਂ ਵੇਖ ਅਵਾਜ਼ਾਂ ਮਾਰੀਆਂ ਕਿ ਕੌਨ ਹੈ ਅਤੇ ਪਾਨੀ ਵਿਚੋਂ ਦੌੜਦੇ ਹੋਏ ਪਿਛੇ ਆਏ।

ਹੁਣ ਮੈਂ ਆਪਨੇ ਆਪਨੂੰ ਡਾਕੂਆਂ ਦੇ ਵਸ ਆਇਆ ਦੇਖ ਆਪਨੇ ਧਰਮ ਤੇ ਹਯਾ ਨੂੰ ਬਚਾਵਨ ਦੀ ਖਾਤਰ ਡੋਲੀ ਵਿਚੋਂ ਛਾਲ ਮਾਰਨ ਦੀ ਸੋਚ, ਦੋਵੇਂ ਪਰਦੇ ਚੁਕ ਬਾਹਰ ਵਲ ਝਾਤੀ ਮਾਰੀ ਤਾਂ ਮੈਨੂੰ ਆਪਨੇ ਆਦਮੀ ਮੇਰੀ ਵਲ ਦੌੜੇ ਆਉਂਦੇ ਦਿਸੇ, ਪਰ ਓਹ ਭੀ ਥੋੜੀ ਦੂਰ ਤਕ, ਕਿਉਂਕਿ

ਸੌ ਕੁ ਕਦਮ ਅਗੇ ਵਧਦਿਆਂ ਹੀ ਕਈਆਂ ਆਦਮੀਆਂ ਨੇ ਬ੍ਰਿਛਾਂ ਉਪਰੋਂ ਛਾਲਾਂ ਮਾਰ ਦਿਤੀਆਂ ਤੇ ਡਾਕੂਆਂ ਦੇ ਨਾਲ ਹੋ ਗਏ ਇਹ ਸਾਰੇ ਦੇ ਸਾਰੇ ਆਦਮੀ ਹਥੋਂ ਖਾਲੀ ਨਹੀਂ ਸ਼ਨ, ਕਿਸੇ ਤਾਂ ਮੋਟੀ ਲੱਠ ਚੁਕੀ ਹੋਈ ਸੀ ਤੇ ਕਿਸੇ ਬ੍ਰਿਛ ਦੀ ਵਡੀ ਸਾਰੀ ਟਾਹਨੀ ਹੀ ਮੋਢੇ ਉਪਰ ਰਖੀ ਹੋਈ ਸੀ।

ਹੁਣ ਜਦ ਕਦੀ ਮੈਂ ਬਾਹਰ ਛਾਲ ਮਾਰਨ ਨੂੰ ਕਰਦੀ ਸਾਂ ਤਦੋਂ ਹੀ ਓਹ ਮੈਨੂੰ ਵਡੀ ਮੋਟੀ ਲਠ ਦਿਖਾਕੇ ਸਿਰ ਵਿਚ ਮਾਰਨ ਦੀ ਧਮਕੀ ਦੇਂਦੇ ਸਨ, ਜਿਸਨੂੰ ਸੁਨ ਫੇਰ ਅੰਦਰਵਲ ਮੂੰਹ ਕਰ ਲੈਂਦੀ ਸਾਂ

ਪਰ ਮੇਰੇ ਇਕ ਸਪਾਹੀ ਜਾਂ ਪੈਹਰੇਦਾਰ ਨੇ ਦੌੜਕੇ ਮੇਰੀ ਪਾਲਕੀ ਨੂੰ ਹਥ ਪਾ ਹੀ ਲਿਆ ਪਰ ਉਸ ਨੂੰ ਇਕ ਹੀ ਲਠ ਉਸ ਕਾਲੇ ਦੈਂਤ ਨੇ ਮਾਰੀ ਜੋ ਨਾਲ ਹੀ ਦੌੜਿਆ ਜਾਂਦਾ ਸੀ ਪੈਹਰੇ ਦਾਰ ਤਾਂ ਉਥੇ ਸਤਿ ਕਰਤਾਰ ਬੋਲ ਗਿਆ।

ਇਸ ਆਦਮੀ ਨੂੰ ਮਰਦੇ ਵੇਖ ਮੇਰੇ ਬਾਕੀ ਸਾਥੀ ਡਰਦੇ ਮਾਰੇ ਪਿਛੇ ਹੀ ਰੈਹ ਗਏ ਤੇ ਡਾਕੂ ਮੇਰੀ ਡੋਲੀ ਦੁੜਾਈ ਲਈ ਗਏ, ਪੈਹਰ ਰਾਤ ਜਾਨ ਪਿਛੋਂ ਉਹ ਮੈਨੂੰ ਇਕ ਬੜੇ ਸੰਘਨੇ ਜੰਗਲ ਵਿਚ ਲੈ ਗਏ, ਤੇ ਉਥੇ ਮੇਰੀ ਡੋਲੀ ਰਖ ਦਿਤੀ, ਤੇ ਮੈਨੂੰ ਜੋ ਮੇਰੇ ਪਾਸ ਸੀ ਉਨਾ ਦੇ ਹਵਾਲ ਕਰਨ ਵਾਸਤੇ ਉਨਾਂ ਵਿਚੋਂ ਇਕ ਨੇ ਕਿਹਾ ਮੈਂ ਆਪਨਾ ਸਾਰਾ ਗੈਹਨਾ ਜੋ ਮੇਰੇ ਪਾਸ ਸੀ ਉਨਾਂ ਨੂੰ ਦੇ ਦਿਤਾ, ਇਨੇ ਤੇ ਵੀ ਉਹਨਾਂ ਸਬਰ ਨ ਕਰਕੇ ਮੇਰੇ ਉਦਾਲੇ ਦੇ ਕਪੜੇ ਲਾਹਵਣ ਵਾਸਤੇ ਵੀ ਆਖਿਆ ਤੇ ਮੈਨੂੰ ਇਕ ਭੈੜੀ ਜਹੀ ਚਾਦਰ ਆਪਨਾ ਆਪ ਕੱਜਨ ਵਾਸਤੇ ਦਿਤੀ, ਮੈਂ ਆਪਨੇ ਉਦਾਲੇ

ਦੇ ਕਪੜੇ ਲਾਹ ਦਿਤੇ ਡੋਲੀ ਮੇਰੀ ਤੋੜ ਦਿਤੀ ਅਤੇ ਜੋ ਸਾਮਾਨ ਚਾਂਦੀ ਦਾ ਲਗਿਆ ਹੋਇਆ ਸੀ ਲਾਹਕੇ ਬਾਕੀ ਨੂੰ ਅਗ ਲਾ ਦਿਤੀ ਤਾਂ ਜੋ ਡਾਕੇ ਦਾ ਕੋਈ ਸਬੂਤ ਨ ਰਹੇ।

ਮੈਂ ਜੰਗਲ ਦੇਖ ਡਰਨ ਲਗੀ ਕਿ ਹੁਣ ਮੈਂ ਕਿਤੇ ਸ਼ਕਾਰੀ ਜਾਨਵਰਾਂ ਦਾ ਸ਼ਕਾਰ ਹੀ ਨ ਹੋ ਜਾਵਾਂ,ਇਸ ਵਾਸਤੇ ਉਨਾਂ ਨੂੰ ਕੈਹਨ ਲਗੀ ਕਿ ਮੈਨੂੰ ਭੀ ਤੁਸੀਂ ਆਪਨੇ ਨਾਲ ਲੈ ਚਲੋ, ਅਫਸੋਸ ਕਿਤੇ ਤਾਂ ਕਦੀ ਹੇਠਾਂ ਉਤਰਨ ਦੀ ਲੋੜਨਹੀ ਕਿਤੇ ਹੁਨ।

ਇਕ ਬੁਢਾ ਡਾਕੂ ਬੋਲਿਆ ਮੇਰੀ ਗਲ ਸੁਣਕੇ ਹੁਣ ਇਸ ਤੀਵੀਂ ਨੂੰ ਕਿਥੇ ਲੈ ਜਾਓਗੇ ਜੇ ਇਹ ਸਾਡੇ ਨਾਲ ਰਹੀ ਤਾਂ ਜ਼ਰੂਰ ਅਸੀਂ ਫੜੇ ਜਾਵਾਂਗੇ, ਕਿਉਂ ਕਿ ਇਸ ਦੇ ਨਾਲ ਹੋਣ ਨਾਲ ਡਾਕੇ ਦੇ ਹਾਲ ਦਾ ਪਤਾ ਲਗ ਜਾਵੇਗਾ ਇਸ ਲਈ ਇਸ ਨੂੰ ਇਥੇ ਹੀ ਛਡ ਦਿਓ।

ਇਕ ਜਵਾਨ ਡਾਕੂ-ਮੈਂ ਇਸ ਨੂੰ ਜ਼ਰੂਰ ਆਪਨੇ ਨਾਲ ਲੈ ਜਾਵਾਂਗਾ ਭਾਵੇਂ ਜੇਹਲ ਖਾਨਾ ਹੀ ਕਿਉਂ ਨਾ ਨਸੀਬ ਹੋਵੇ।

ਇਸਦਾ ਇਨਾਂ ਕੈਹਨਾਂ ਸੀ, ਕਿ ਉਸ ਬੁਢੇ ਡਾਕੂ ਨੇ ਵਡੀ ਲਠ ਚੁਕੀ ਜੋ ਉਨਾਂ ਡਾਕੂਆਂ ਦਾ ਸਰਦਾਰ ਸੀ, ਤਾਂ ਕਿਹਾ ਕਿਉਂ ਓਏ ਇਹ ਪਾਪ ਤੂੰ ਮੇਰੇ ਸਾਮਨੇ ਹੀ ਕਰਨ ਵਾਸਤੇ ਤਿਆਰ ਹੈਂ ਇਹ ਤਾਂ ਮੈਂ ਨਹੀਂ ਦੇਖਾਂਗਾ ਚਲ ਸਿਧਾ ਹੋਕੇ ਤੁਰ ਪਉ ਓਹ ਸਾਰੇ ਮੈਨੂੰ ਕਲੀ ਨੂੰ ਛਡ ਚਲੇ ਗਏ।

—o—

## ੩.

# ਸੌਹਰੇ ਘਰ ਜਾਨ ਦੇ ਸੁਖ

ਅਫਸੋਸ ! ਇਸ ਹਾਲਤ ਦਾ ਭਾਗੀ ਕਉਨ ਬਨਿਆ ਦੁਖ ਕਿਸ ਨੂੰ ਵਾਪਰੇ ਕਿਥੇ ਤਾਂ ਪਰਾਨ ਪਤੀ ਜੀਦੇ ਦਰਸ਼ਨ ਦੀ ਖਿਚ ਵਿਚ ਗੈਹਨਿਆਂ ਨਾਲ ਲਦੀ ਹੋਈ, ਅਤਰ ਨਾਲ ਕਪੜੇ ਮੈਹਕੇ ਹੋਏ, ਪਾਨ ਖਾਦਾ ਹੋਇਆ ਤੇ ਬੁਲਾਂ ਦੀ ਲਾਲੀ ਨੇ ਇਕ ਨਵਾਂ ਹੀ ਜੋਬਨ ਰਚਾਇਆ ਹੋਇਆ ਸੀ, ਕਿਥੇ ਅਜ ਸਭ ਕੁਛ ਡਾਕੂਆਂ ਦੀ ਹਥੀਂ ਦੇਕੇ ਆਪ ਇਕ ਨਵੇਂ ਭੌਜਲ ਵਿਚ ਮੈਂ ਆਪਨੇ ਪਿਛਲੇ ਦਿਨਾਂ ਨੂੰ ਯਾਦ ਕਰਦੀ ਤੇ ਰੋ ਪੈਂਦੀ ਹਾਂ ਸ਼ੇਰ ਚਿਤਰੇ, ਬਘਿਆੜ ਦਾ ਡਰ ਦਿਲ ਵਿਚੋਂ ਨਹੀਂ ਭੁਲਦਾ ਭੁਖਦੇ ਦੁਖੋਂ ਆਤਰ ਹੋ ਇਹੋ ਹੀ ਸੁਝੀ ਕਿ ਇਸ ਜੀਵਨ ਦੀ ਆਸ ਕੋਲੋਂ ਤਾਂ ਮਰਨਾਂ ਹੀ ਚੰਗਾ ਹੈ ਇਹ ਸੋਚ, ਮੈਂ ਜੰਗਲ ਵਿਚ ਦੇ ਉਚੇ ਉਚੇ ਘਾਂਹ ਵਿਚੋਂ ਲੰਘਨਾ ਸ਼ੁਰ ਕਰ ਦਿਤਾ ਤਾਂ ਜੋ ਕੋਈ ਸਪ ਮੈਨੂੰ ਆਪਨੇ ਸੁਭਾਗੇ ਡੰਗ ਨਾਲ ਡਸਕੇ ਮੇਰੀ ਜ਼ਿੰਦਗੀ ਦੇ ਦਿਨ ਪੂਰੇ ਕਰੇ ਪਰ ਇਹ ਭੀ ਨਾ ਹੋਇਆ ਅਜੇ ਇਹ ਖਿਆਲ ਆਂਵਦਾ ਸੀ ਕਿ ਮੈਂ ਤਾਂ ਆਪਨੇ ਪਰਾਨ ਪਤੀ ਜੀਦੇ ਦਰਸ਼ਨ ਦੀ ਚਾਹ ਵਿਚਹੀ ਮਗਨ ਹੋਈਜਾਰਹੀਸਾਂ ਇਹ ਕੀਹੋਗਿਆ, ਹੁਣ ਨਾਂ ਤਾਂ ਉਨਾਂ ਦੇ ਹੀ ਮਿਲਨ ਦੀ ਆਸ ਅਤੇ ਨਾਂ ਹੀ ਆਪਨੇ ਮਾਤ ਪਿਤਾ ਤੇ ਸਰਬੰਧੀਆਂ ਦੇ ਮਿਲਨ ਦੀ ਆਸ, ਅਚਾਨਕ ਸ਼ੇਰ ਦੇ ਗਰਜਨ ਦੀ ਆਵਾਜ਼ ਨੇ ਮੈਨੂੰ ਚੌਂਕਾ ਦਿਤਾ, ਸੋਚਿਆ ਸ਼ੇਰ ਤਾਂ ਜ਼ਰੂਰ ਆਪਨੇ ਸ਼ਕਾਰ ਦੀ ਭਾਲ ਵਿਚ ਫਿਰਦਾ ਹੋਵੇਗਾ, ਅਤੇ ਓਹ ਹੁਣ ਜਲਦੀ ਹੀ ਆਕੇ

ਮੇਰੀ ਦਿਲ ਦੀ ਜਲਨ ਨੂੰ ਬੁਝਾ ਜਾਵੇਗਾ, ਤਨ ਦਾ ਦੁਖ ਸੈਹਨਾਂ ਕੋਈ ਮੁਸ਼ਕਲ ਨਹੀਂ ਪਰ ਦਿਲ ਦਾ ਦੁਖ ਨਹੀਂ ਸਹਿਆ ਜਾਂਦਾ ਇਸ ਵਾਸਤੇ ਮਰਨਾ ਹੀ ਚੰਗਾ ਹੈ, ਇਨਾਂ ਖਿਆਲਾਂ ਦੇ ਦਿਲ ਵਿਚ ਜਗਾ ਕਰ ਦਿਆਂ ਹੀ ਮੇਰਾ ਰੋਣਾ ਬਿਲਕੁਲ ਬੰਦ ਹੋਗਿਆ ਖੁਸ਼ ਹੋ ਗਈ ਤੇ ਸ਼ੇਰ ਆਵਨ ਦੀ ਉਡੀਕ ਵਿਚ ਉਥੇ ਹੀ ਬੈਠ ਗਈ ਜਦੋਂ ਕਿਸੇ ਪਤੇ ਦੇ ਖੜਕਨ ਦੀ ਆਵਾਜ਼ ਆਉਂਦੀ ਸੀ ਇਹੋ ਹੀ ਖਿਆਲ ਹੁੰਦਾ ਸੀ ਕਿ ਸ਼ੇਰ ਆਉਂਦਾ ਹੈ ਪਰ ਮੇਰਾ ਖਿਆਲ ਗਲਤ ਨਿਕਲਿਆ, ਸ਼ੇਰ ਕੋਈ ਨਾ ਆਇਆ, ਬੇ ਉਮੈਦ ਹੋਕੇ ਅਗੇ ਤੁਰੀ, ਮੇਰੀਆਂ ਲਤਾਂ ਤੇ ਪੈਰ ਕੰਢਿਆਂ ਦੇ ਪ੍ਰੇਮ ਨਾਲ ਛਾਨਨੀ ਦੀ ਤਰਾਂ ਹੋ ਗਏ, ਰਾਤ ਇਕ ਪੈਹਰ ਬਾਕੀ ਸੀ ਮੈਂ ਇਕ ਰਿਛ ਨੂੰ ਖਲੋਤਾ ਦੇਖ ਉਸ ਵਲ ਦੌੜੀ ਪਰ ਉਹ ਮੈਨੂੰ ਬਿਪਤਾ ਵਿਚ ਗਰਸੀ ਦੇਖ ਆਪ ਹੀ ਪੂਛ ਨੂੰ ਹਿਲਾਉਂਦਾ ਹੋਇਆਂ ਇਕ ਦਰਖਤ ਉਪਰ ਚੜ ਗਿਆ, ਕੁਛ ਚਿਰ ਪਿਛੋਂ ਮਖੀਆਂ ਦੇ ਭਿੰਨ ਭਿੰਨਉਨਾਂ ਦੀ ਆਵਾਜ਼ ਆਈ ਇਸ ਦਰਖਤ ਉਪਰ ਸ਼ਹਿਤ ਦੀਆਂ ਮਖੀਆਂ ਦਾ ਛਤਾ ਸੀ ਤੇ ਇਹ ਰਿਛ ਸ਼ਹਿਤ ਖਾਨ ਹੀ ਗਿਆ ਸੀ।

ਸਚ ਹੈ, ਦੁਖ ਵਿਚ ਕੋਈ ਭੀ ਨੇੜੇ ਨਹੀਂ ਅਉਂਦਾ ਜਿਸ ਤਰਾਂ ਗੁਰੂ ਮਹਾਰਾਜ ਦਸਦੇ ਹਨ।

"ਬਿਪਤ ਪਰੀ ਸਭਹੀ ਸੰਗਿ ਛਾਡਿਤ ਕੋਊਨ ਆਵਤ ਨੇਰੈ"

ਹੁਣ ਤੜਕਾ ਹੋਗਿਆ ਸੀ, ਪਰ ਮੈਨੂੰ ਨੀਂਦ ਨੇ ਆਪਨੀ ਗੋਦ ਵਿਚ ਲੈ ਹੀ ਲੀਤਾ ਮੈਂ ਦਰਖਤ ਦੇ ਨਾਲ ਹੀ ਸੌਂ ਗਈ।

—o—

## ੪.

# ਹੁਣ ਕਿਥੇ ਜਾਵਾਂਗੀ

ਸੁਪਨੇ ਵਿਚ ਕੀ ਦੇਖਦੀ ਹਾਂ, ਕਿ ਮੇਰੇ ਸਿਰਹਾਨੇ ਸ੍ਰੀ ਗੁਰੂ ਨਾਨਕ ਦੇਵ ਜੀ ਖੜੇ ਹਨ ਅਤੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਨ ਵਾਸਤੇ ਕਹਿ ਰਹੇ ਹਨ, ਨੀਂਦ ਖੁਲਗਈ ਕੀਹ ਦੇਖਦੀ ਹਾਂ ਦਿਨ ਪੈਹਰ ਭਰ ਤੋਂ ਵਧੀਕ ਜਾ ਚੁਕਾ ਹੈ, ਜਨੌਰ ਆਪਣੀ ਆਪਣੀ ਬੋਲੀ ਬੋਲ ਰਹੇ ਹਨ ਜਿਨ੍ਹਾਂ ਦੀ ਅਵਾਜ਼ ਨਾਲ ਸਾਰਾ ਬਨ ਇਕ ਸੁੰਦਰ ਬਗੀਚਾ ਬਨ ਰਿਹਾ ਹੈ ਮੈਂ ਚਾਨਣੇ ਵਿਚ ਆਪਣੇ ਹਥਾਂ ਪੈਰਾਂਵਲ ਨਜ਼ਰ ਮਾਰੀ ਤਾਂਆਪਨੀਸ਼ਕਲਨੂੰ ਬੜਾ ਭੈ ਦਾਇਕ ਵੇਖਿਆ ਹੁਣ ਸਿਰਫ ਮੇਰੇ ਹਥ ਵਿਚ ਇਕ ਲੋਹੇ ਦਾ ਕੜਾ ਹੀ ਰੈਹ ਗਿਆ ਸੀ ਮੈਂ ਰੋਂਦੀ ਹੋਈ ਨੇ ਇਕ ਬ੍ਰਿਛਦੀਟਾਹਨੀ ਤੋੜੀ ਤੇ ਉਸਨੂੰ ਆਪਨੇ ਹਥ ਨਾਲ ਬਨਿਆਂ,ਕਿਥੇ ਤਾਂਸੋਨੇਦੇ ਕੜੇ, ਪੌਂਹਚੀਆਂਸਨ ਤੇ ਕਿਥੇ ਇਕ ਬ੍ਰਿਛਦੀ ਟੈਹਨੀ,ਧੰਨਹੈ ਅਕਾਲ ਪੁਰਖ, ਉਸਦੇ ਚੋਜ ਨਿਆਰੇ ਹਨ। ਗੁਰਵਾਕ।

ਖਿਨ ਮੈਂ ਰਾਉ ਰੰਕ ਕੋ ਕਰੀ। ਰਾਉ ਰੰਕ ਕਰ ਡਾਰੇ॥

ਹੁਣ ਤਾਂ ਠੀਕ ਮੇਰੇ ਨਾਲ ਇਹੋ ਹੀ ਹਾਲਤ ਹੋਈ, ਮੈਂ ਵਾਹਿਗੁਰੂ ਦਾ ਧੰਨਵਾਦ ਕਰਦੀ ਹੋਈ ਅਗੇ ਵਧੀ, ਤਾਂ ਸੂਰਜ ਦੀਆਂ ਮੋਹਤ ਕਰਨ ਵਾਲੀਆਂ ਕਿਰਨਾ, ਅਤੇ ਜਨੌਰਾਂ ਦਾ ਚੈਹ ਚਹਾਨਾਂ ਦੇਖ ਦਿਲ ਵਿਚ ਜ਼ਿੰਦਗੀ ਦੇ ਖਿਆਲਾਂ ਨੇ ਫਿਰ ਆ ਡੇਰਾ ਜਮਾਇਆ।

ਮੇਰੀ ਉਮਰ ਉਸ ਵੇਲੇ ਉਨੀਆਂ ਵਰਿਹਾਂ ਦੀ ਸੀ ਮੈਂ ਪਿੰਡ ਵਿਚ ਇਸ ਭੈੜੀ ਤੇ ਫਟੀ ਹੋਈ ਚਾਦਰ ਨਾਲ

ਕਿਸ ਤਰਾਂ ਜਾਵਾਂਗੀ, ਮੈਂ ਇਨਾਂ ਖਿਆਲਾਂ ਨੂੰ ਨਾਲ ਲਈ ਤੁਰੀ ਜਾਂਦੀ ਸਾਂ, ਕਿ ਪਗ ਡੰਡੀ ਦਿਸੀ, ਉਸ ਤੇ ਹੀ ਮੈਂ ਅਪਨਾ ਰਸਤਾ ਬਨਾਇਆ।

ਜਿਸ ਵੇਲੇ ਦਿਲ ਵਿਚ ਆਪਨੀ ਹਾਲਤ ਵੇਖਕੇ ਇਹ ਖਿਆਲ ਆਉਂਦਾ ਕਿ ਮੈਂ ਅਧੜ ਵੰਞੀ ਪਿੰਡ ਵਿਚ ਜਾਵਾਂਗੀ ਤੇ ਕਿਸੇ ਨੂੰ ਨਾਹੱਕ ਤਕਲੀਫ ਦੇਵਾਂਗੀ ਇਸ ਨਾਲੋਂ ਤਾਂ ਮਰ ਜਾਨਾਂ ਹੀ ਉਚਿੱਤ ਹੈ।

ਪਰ ਸੂਰਜ ਦੀਆਂ ਕਿਰਨਾਂ, ਜਾਨਵਰਾਂ ਦੀ ਚੈਹ ਚਹਾਵਟ ਦਰਖਤਾਂ ਦੀਆਂ ਹਰੀਆਂ ਭਰੀਆਂ ਟੈਹਨੀਆਂ ਤੇ ਫੁਲਾਂ ਦੇ ਖਿੜੇ ਹੋਏ ਮੁਖੜੇ ਜੀਵਨ ਦੀ ਆਸ ਜਾਂ ਉਮੰਗ ਪੈਦਾ ਕਰ ਦੇਂਦੇ ਸਨ।

ਮੈਂ ਹੁਣ ਦਰਖਤਾਂ ਦੇ ਪੱਤਰਾਂ ਨੂੰ ਲੈ ਆਪਨੇ ਗੈਹਣੇ ਬਨਾ ਪਿੰਡ ਵਲ ਤੁਰ ਪਈ, ਇਹ ਸੂਰਤ ਵੇਖਕੇ ਮੈਨੂੰ ਆਪਨੇ ਵਿਚ ਪਾਗਲ ਪਨ ਹੋਣ ਦਾ ਹੀ ਖਿਆਲ ਆਇਆ ਥੋੜੀ ਦੂਰ ਜਾਨ ਦੇ ਕੁਛ ਅਵਾਜ਼ ਸੁਣਾਈ ਦੇਣ ਲਗੀ ਜਿਸ ਤੋਂ ਪਿੰਡ ਆਵਨਾ ਸਿਧਹੋਨ ਲਗਾ ਕਿਉਂਕਿਦਰਖਤਾਂ ਦੀਆਂ ਉਚੀਆਂ ਉਚੀਆਂ ਚੋਟੀਆਂ ਜੋ ਆਸਮਾਨ ਨਾਲ ਆਪਨੀਆਂ ਗਲਾਂ ਕਰਨ ਦਾ ਦਾਹਵਾ ਕਰਦੀਆਂ ਸਨ, ਕੁਛ ਵੇਖਣਨਹੀਂ ਦੇਂਦੀਆਂ ਸਨ।

ਹੁਣ ਤਾਂ ਮੈਂ ਬਹੁਤ ਸਾਰੀ ਥਕ ਗਈ ਸਾਂ ਭੁਖਦੇ ਦੁਖੋਂ ਵੀ ਬੇਹਾਲ ਹੋ ਚੁਕੀ ਸਾਂ ਇਕ ਦਰਖਤ ਦੇ ਨਾਲ ਆਪਨਾ ਢਾਸਨਾ ਲਾਕੇ ਬੈਠ ਗਈ, ਬਸ ਬੈਠਨਾ ਹੀ ਸੀ ਕੀ ਨੀਂਦ ਦੇ ਹੁਲਾਰੇ ਲੈਣ ਲਗ ਪਈ, ਤੇ ਸੁਪਨੇ ਵਿਚ ਮੈਂ ਕੀ ਵੇਖਦੀ ਹਾਂ, ਕਿ ਬਦਲਾਂ ਦਾ ਘੋੜਾ ਬਨਾ ਉਸਤੇ

ਚੜ੍ਹਕੇ ਆਪਨੇ ਸੋਹਰੇ ਘਰ ਗਈ ਹਾਂ ਤੇ ਕਾਮ ਦੇਵ ਜੀ ਮਰੇ ਪਤੀ ਬਨੇ ਹਨ ਅਚਾਨਕ ਕਿਸੇ ਨੇ ਮੇਰੇ ਪਿੰਡੇ ਨੂੰ ਹਥ ਲਾਇਆ, ਮੈਂ ਅਬੜ ਵਾਈ ਉਠੀ ਤਾਂ ਕੀ ਦੇਖਦੀ ਹਾਂ ਕਿ ਇਕ ਕਾਲਾ ਤੇ ਹਟਾ ਕੱਟਾ ਆਦਮੀ ਮੈਨੂੰ ਆਪਨੇ ਵਲ ਖਿਚ ਰਿਹਾ ਹੈ ਮੇਰੇ ਕੋਲ ਉਸ ਵੇਲੇ ਇਕ ਮੋਟੀ ਜੇਹੀ ਲਕੜੀ ਪਈ ਹੋਈ ਸੀ ਮੈਂ ਉਸੇ ਨੂੰ ਚੁਕ ਉਸਦੇ ਸਿਰ ਵਿਚ ਧੜਮ ਦੇ ਮਾਰੀ, ਉਸਦਾ ਸਿਰ ਪਾਟ ਗਿਆ ਲਹੂ ਪੂੰਝਦਾ ੨ ਆਪਨਾ ਰਸਤਾ ਲੈਨ ਲਗਾ, ਮੈਂ ਉਸ ਸਚੇ ਪਾਤਸ਼ਾਹ ਦਾ ਸਚੇ ਦਿਲ ਨਾਲ ਧੰਨਵਾਦ ਕੀਤਾ ਜਿਸ ਨੇ ਮੇਰੇ ਸਿਰੋਂ ਉਸ ਸ਼ੈਤਾਨ ਆਦਮੀ ਨੂੰ ਜੋ ਬਦਨੀਤੀ ਨਾਲ ਮੈਨੂੰ ਆਪਨੀ ਵਲ ਖਿਚ ਰਿਹਾ ਸੀ ਮੇਰੀਆਂ ਅਖਾਂ ਤੋਂ ਦੂਰ ਕਰ ਦਿਤਾ: ਹੁਣ ਮੈਂ ਉਸੇ ਹੀ ਲਕੜੀ ਦੇ ਸਹਾਰੇ ਹੋ ਤੁਰੀ, ਥੋੜੀ ਵਿਥ ਜਾਨ ਤੇ ਇਕ ਬੁਢੀ ਨਜ਼ਰ ਪਈ ਜੋ ਗਊ ਚਰਾਉਂਦੀ ਜਾਂਦੀ ਸੀ, ਮੈਂ ਉਸਨੂੰ ਮਥਾ ਟੇਕਨਾਂ ਕੈਹ ਉਸ ਦੇ ਨਾਲ ਤੁਰ ਪਈ, ਤੇ ਉਸ ਕੋਲੋਂ ਪੁਛਿਆ ਕਿ ਮਾਂ ਜੀ ਮਹੇਸ਼ ਪੁਰ ਕਿਥੇ ਹੈ ਉਸਨੇ ਉਤਰ ਵਿਚ ਪੁਛਿਆ ਕਿ ਬੇਟੀ ਤੂੰ ਕੌਣ ਹੈਂ ਇਨੀ ਸੋਹਣੀ ਤੇ ਜਵਾਨ ਹੋਣ ਪੁਰ ਭੀ ਕਲੀ ਇਸ ਬਨ ਵਿਚ ਫਿਰ ਰਹੀ ਹੈਂ ਤੇਰੇ ਵਰਗੀਆਂ ਤਾ ਕਲੀਆ ਕਦੀ ਬਾਹਰ ਭੀ ਨਹੀਂ ਨਿਕਲਦੀਆਂ, ਤੇ ਤੂੰ ਇਹ ਕੀਹ ਸ਼ਕਲ ਬਨਾਈ ਹੈ ਹੁਣ ਤੂੰ ਮੇਰੇ ਘਰ ਚਲ, ਮੈਂ ਉਸ ਬੁਢੀ ਦੇ ਨਾਲ ਉਸਦੇ ਘਰ ਗਈ ਮੈਨੂੰ ਉਸਨੇ ਭੁਖੀ ਸਮਝ ਇਕ ਦੁਧ ਦਾ ਕਟੋਰਾ ਪੀਣ ਨੂੰ ਦਿਤਾ ਤੇ ਨਾਲ ਦੋ ਰੋਟੀਆਂ ਭੀ ਦਿਤੀਆਂ, ਜਿਸ ਨੂੰ ਮੈਂ ਅਕਾਲ ਪੁਰਖ ਦਾ ਸ਼ੁਕਰ ਕਰਦੀਨੇ ਆਪਨੇ ਪੇਟ ਨੂੰ ਝੁਲਸਾ ਦਿਤਾ ਮੈਂ ਆਜਜ਼ੀ ਨਾਲ ਬੇਨਤੀ ਕੀਤੀ ਕਿ ਮਾਂ ਜੀ ਮੈਨੂੰ

ਤੁਸੀਂ ਮਹੇਸ਼ਪੁਰ ਪੁਚਾ ਦਿਓ ਮੈਂ ਤੁਹਾਨੂੰ ਬਹੁਤ ਸਾਰਾ ਇਨਾਮ ਦਿਵਾਵਾਂਗੀ ਉਸ ਬੁਢੀ ਨੇ ਉਤਰ ਦਿਤਾ ਕਿ ਮੈਂ ਘਰ ਸੁੰਞਾ ਛਡਕੇ ਕਿਥੇ ਜਾਵਾਂਗੀ, ਮੈਂ ਉਸਦੇ ਦਸੇ ਰਸਤੇ ਪੁਰ ਤੁਰ ਪਈ, ਸਾਰਾ ਦਿਨ ਤੁਰਦੀ ਗਈ ਥਕ ਗਈ ਤੇ ਇਕ ਮੁਸਾਫਰ ਨੂੰ ਦੇਖ ਉਸ ਪਾਸੋਂ ਪੁਛਿਆ ਕਿ ਮਹੇਸ਼ ਪੁਰ ਕਿਨੀ ਦੂਰ ਹੈ, ਉਹ ਮੈਨੂੰ ਦੇਖਦਾ ਹੀ ਬੁਤ ਵਾਂਗ ਖੜੋ ਗਿਆ, ਤੇ ਆਖ਼ਨ ਲਗਾ ਕਿ ਤੂੰ ਕਿਥੋਂ ਆਈ ਹੈ, ਮੈਂ ਉਸ ਬੁਢੀ ਦੇ ਪਿੰਡ ਦਾ ਪਤਾ ਦਸਿਆ, ਤਾਂ ਉਸ ਉੱਤਰ ਦਿਤਾ ਕਿ ਤੂੰ ਭੁਲ ਗਈ ਹੈ ਇਥੋਂ ਮਹੇਸ਼ ਪੁਰ ਇਕ ਦਿਨ ਦਾ ਦਾ ਰਸਤਾ ਹੈ।

ਹੁਣ ਮੇਰੇ ਪਰਾਨ ਸੁਕ ਗਏ, ਤੇ ਮੈਂ ਪੁਛਿਆ ਕਿ ਤੁਸੀ ਹੁਣ ਕਿਥੇ ਜਾਓਗੇ, ਉਤਰ ਮਿਲਿਆ ਕਿ ਮੈਂ ਉਸਦੇ ਕੋਲ ਹੀ ਜਾਵਾਂਗਾ ਮੈਂ ਉਸ ਦੇ ਪਿਛੇ ੨ ਤੁਰ ਪਈ ਕਿਉਂ ਕਿ ਹੋਰ ਮੇਰੇ ਵਾਸਤੇ ਕੋਈ ਤਦਬੀਰ ਹੈ ਹੀ ਨਹੀਂ ਸੀ।

ਪਿੰਡ ਵਿਚ ਵੜਦਿਆਂ ਹੀ ਉਸ ਮੁਸਾਫਰ ਨੇ ਮੈਨੂੰ ਪੁਛਿਆ ਕਿ ਤੂੰ ਕਿਸ ਦੇ ਘਰ ਜਾਵੇਗੀ, ਮੈਂ ਉਤਰ ਦਿਤਾ ਕਿ ਮੈਂ ਜਾਨਦੀ ਕਿਸੇ ਨੂੰ ਵੀ ਨਹੀਂ, ਇਥੇ ਕਿਸੇ ਦਰਖਤ ਦੀ ਜੜ ਦੇ ਨਾਲ ਸੌਂ ਰਹਵਾਂਗੀ।

ਮੁਸਾਫਰ—ਤੂੰ ਕੌਨ ਹੈਂ ?

ਮੈਂ ਇਕਫੁਟੇ ਲੇਖਾ ਵਾਂਲੀ ਹਾਂ।

ਉਸਨੇ ਉਤਰ ਵਿਚ ਕਿਹਾ, ਕਿ ਆਓ ਤੁਸੀਂ ਮੇਰੇ ਘਰ ਚਲੋ, ਤੁਹਾਡਾ ਕਪੜਾ ਬਹੁਤਮੈਲਾ ਤੇ ਫਟਿਆ ਹੋਇਆ ਹੈ, ਤੇ ਤੁਸੀਂ ਕਿਸੇ ਚੰਗੇ ਘਰਾਨੇ ਵਿਚੋਂ ਜਾਪਦੇ ਹੋ ਕਿਉਂਕਿ

ਕਮੀਨ ਜ਼ਾਤਦਾ ਰੰਗ ਕੋਹਝਾ ਹੋਂਦਾ ਹੈ, ਤੇ ਤੁਸੀ ਬਹੁਤ ਖੂਬ ਸੂਰਤ ਹੋ, ਛਾਈ ਪਾਓ ਇਹੋ ਜਹੀ ਖੂਬ ਸੂਰਤੀ ਨੂੰ ਮੈਂ ਅੰਦਰੋਂ ਸੜੀ ਬਲੀ ਹੋਈ ਸਾਂ, ਪਰ ਇਹ ਮੁਸਾਫਰ ਭੀ ਇਕ ਬਹੁਤ ਬਿਰਧ ਸੀ ਜਿਸ ਕਰਕੇ ਉਸ ਨਾਲ ਤੁਰ ਪਈ ਰਾਤ ਤਾਂ ਮੈਂ ਉਸ ਦੇ ਘਰ ਹੀ ਕਟੀ ਇਹ ਗੁਰਦਵਾਰੇ ਵਿਚ ਗ੍ਰੰਥੀ ਦਾ ਕੰਮ ਕਰਦਾ ਸੀ,ਤੇ ਪਿੰਡਵਿਚ ਇਸਦੀ ਬਹੁਤਮਾਨਤਾ ਸੀ। ਲੋਕਾਂ ਨੇ ਇਸ ਨੂੰ ਬਹੁਤ ਸਾਰੇ ਕਪੜੇ ਦਿਤੇ ਹੋਏ ਸਨ ਉਨਾਂ ਕਪੜਿਆਂ ਵਿਚੋਂ ਉਸਨੇ ਇਕ ਜੋੜਾ ਧੋਤੀ ਜਿਸ ਦੀ ਕੰਨੀ ਠਕੀ ਹੋਈ ਸੀ ਮੈਨੂੰ ਦਿਤਾ; ਮੈਂ ਬਹੁਤ ਨਾ ਨੁਕਰ ਕੀਤੀ ਪਰ ਉਸ ਨੇ ਮੈਨੂੰ ਮਜਬੂਰ ਕਰਕੇ ਮੇਰੇ ਤਨ ਪਵਾ ਦਿਤਾ।

ਇਹ ਦਾਨ ਮੈਂ ਬੜੀ ਮੁਸੀਬਤ ਵਿਚ ਲੀਤਾ, ਮੈਂ ਇਸ ਕਦਰਨਿਰਬਲ ਹੋ ਗਈ ਸਾਂ, ਕਿ ਬਿਰਧ ਜੀ ਨੇ ਮੈਨੂੰ ਆਪਨੇ ਹਥੀਂ ਚੋਲ ਬਨਾਕੇ ਖਵਾਏ ਜਿਸ ਨਾਲ ਮੈਨੂੰ ਕੁਝ ਹੋਸ਼ ਆਈ ਉਸ ਬਿਚਾਰੇ ਨੇ ਮੈਨੂੰ ਇਕ ਸੋਹਣੀ ਸਫੀ ਦਿਤੀ ਜਿਸ ਨੂ ਵਛਾਕੇ ਮੈਂ ਲੰਮੀ ਪੈਗਈ ਨੀਂਦਰ ਨੇ ਕਿਥੋਂ ਆਵਨਾ ਸੀ ਜਦ ਮੈਂ ਨਿਰਭਾਗਨ ਆਪਨੇ ਪਿਛਲੇ ਸੁਖਾਂ ਦਾ ਅਜ ਕਲ ਨਾਲ ਮੁਕਾਬਲਾ ਕਰਨ ਲਗੀ ਇਕ ਪਲਕ ਭਰ ਭੀ ਨੀਂਦਰ ਨਾ ਆਈ।

ਦਿਨ ਚੜਨ ਸਮੇਂ ਕੁਝ ਕੁ ਨੀਂਦਰ ਨੇ ਆਪਨਾ ਰੂਪ ਆ ਵਿਖਾਇਆ ਤਾ ਮੈਂ ਸੁਪਨੇ ਵਿਚ ਬੜੇ ਬੜੇ ਵਡੇ ਦੰਦਾ ਵਾਲੇ ਜਮਦੂਤਾਂ ਨੂੰ ਦੇਖਦੀ ਸਾਂ ਇਹ ਦੇਖ ਮੇਰੀ ਨੀਂਦਰ ਜਾਗਰਤ ਵਿਚ ਬਦਲ ਗਈ, ਯਾਨੀ ਮੈਂ ਉਠ ਕਰ ਬੈਠ ਗਈ।

ਕੁਝ ਕੁ ਚਿਰ ਮੈਂ ਉਨਾਂ ਨੂੰ ਉਥੇ ਹੀ ਤਕਲੀਫ ਦੇਂਦੀ ਰਹੀ ਹਰ ਇਕ ਤੀਵੀਂ ਨੂੰ ਮਹੇਸ਼ ਪੁਰ ਦਾ ਰਸਤਾ ਪੁਛਦੀ ਰਹੀ ਕਿਸੇ ਨੇ ਹਾਂ ਨਾ ਕੀਤੀ ਗਰੰਥੀ ਜੀ ਵੀ ਕੈਹਣ ਲਗੇ ਕਿ ਮੈਂ ਤੈਨੂੰ ਕਿਸੇ ਕਮੀਨੇ ਦੇ ਹਥ ਨਹੀਂ ਭੇਜ ਸਕਦਾ ਕਿਸੇ ਇਤਬਾਰੀ ਨਾਲ ਛੇਤੀ ਭੇਜ ਦੇਵਾਂਗਾ।

ਥੋੜੇ ਦਿਨ ਬੀਤਨ ਤੇ ਮੈਨੂੰ ਪਤਾ ਲਗਾ, ਕਿ ਸਰਦਾਰ ਕਿਸ਼ਨ ਸਿੰਘ ਜੀ ਕਲਕਤੇ ਸਨੇ ਆਪਨੇ ਟਬਰ ਕਬੀਲੇ ਦੇ ਜਾ ਰਹੇ ਹਨ, ਮੈਂ ਇਹ ਸੋਚ, ਕਿ ਮੇਰੇ ਚਾਚਾ ਜੀ ਕਲਕਤੇ ਵਿਚ ਨੌਕਰ ਹਨ, ਮੈਂ ਉਨਾਂ ਪਾਸ ਚਲੀ ਜਾਵਾਂਗੀ ਤਾਂ ਓਹ ਮੈਨੂੰ ਆਪੇਹੀ ਮੇਰੇ ਪਿਤਾ ਜੀ ਪਾਸ ਭੇਜ ਦੇਨਗੇ ਉਨਾਂ ਨਾਲ ਜਾਨ ਵਾਸਤੇ ਤਿਆਰ ਹੋ ਪਈ।

---o---

## ੫.

# ਮੈਂ ਨੌਕਰ ਬਨੀ

ਸਰਦਾਰ ਕਿਸ਼ਨ ਸਿੰਘ ਜੀ ਆਪਨੀ ਭੈਣ ਜੀ ਦੇ ਮਿਲਨ ਦੀ ਖਾਤਰ ਹੀ ਆਏ ਸਨ, ਹੋਰ ਉਨਾਂ ਦਾ ਤਾਂ ਕੋਈ ਮਤਲਬ ਹੀ ਨਹੀਂ ਸੀ, ਉਨਾਂ ਮੇਰੇ ਚਾਚੇ ਜੀਦੇ ਢੂੰਢਣ ਵਿਚ ਕੋਈ ਕਸਰ ਨਾ ਛਡੀ, ਇਤਨੇ ਵਡੇ ਸ਼ਹਿਰ ਵਿਚ ਬਗੈਰ ਕਿਸੇ ਪਤੇ ਦੇ ਪਤਾ ਲਗਾਨਾ ਬੜਾ ਹੀ ਮੁਸ਼ਕਲ ਸੀ, ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਸੀ, ਮੈਂ ਤਾਂ ਕਲਕਤਾ ਭੀ ਆਪਨੇ ਪਿੰਡ ਵਰਗਾ ਹੀ ਸਮਝ ਰਖਿਆ ਸੀ, ਇਥੇ ਤਾਂ ਉਸ ਦੇ ਉਲਟ ਹੋਇਆ ਹੁਣ ਤਾਂ ਉਨਾਂ ਦਾ ਦਿਲ ਹਜ਼ੂਰ

ਸਾਹਿਬ ਜਾਣ ਦਾ ਹੋ ਗਿਆ ਤੇ ਉਹ ਉਨਾਂ ਨੂੰ ਨਾਲ ਲੈ ਉਧਰ ਜਾਣਦੀ ਦੀ ਤਿਆਰੀ ਕਰਨ ਲਗੇ।

ਮੇਰੀ ਵਲੋਂ ਸੋਚਨ ਲਗੇ ਕਿ ਕੀ ਕੀਤਾ ਜਾਵੇ, ਆਖਰ ਸੋਚਨ ਵਿਚਾਰਨ ਦੇ ਪਿਛੋਂ ਇਹ ਫੈਸਲਾ ਹੋਇਆ ਕਿ ਓਹ ਮੈਨੂੰ ਆਪਨੀ ਭੈਣ ਦੇ ਘਰ ਹੀ ਨੌਕਰ ਰਖਵਾ ਦੇਣ।

ਮੇਰਾ ਹੁਣ ਕੇਹੜਾ ਠਕਾਨਾ ਸੀ, ਕਿਸ ਪਾਸੇ ਵਲ ਜਾਂਦੀ, ਤੇ ਕੀ ਕਿਸੇ ਨੂੰ ਕਹਿੰਦੀ, ਆਖਰ ਲਾਚਾਰ ਹੋਕੇ ਮੈਂ ਹਾਮੀ ਭਰ ਲਈ ਕਦੀ ਉਹ ਦਿਨ ਸਨ ਕਿ ਕਿਸੇ ਨੂੰ ਬਿਦ ਦੀ ਨਹੀਂ ਸਾਂ ਅਜ ਉਹ ਦਿਨ ਹਨ, ਕਿ ਪਰਾਏ ਘਰ ਨੌਕਰ ਬਨਕੇ ਕੰਮ ਕਰਨ ਨੂੰ ਤਿਆਰ ਹਾਂ।

ਸਰਦਾਰ ਕਿਸ਼ਨ ਸਿੰਘ ਜੀ ਦੀ ਵਹੁਟੀ ਨੇ ਆਪਨੀ ਨਣਾਨ ਨੂੰ ਬੁਲਾਕੇ ਅਤੇ ਇਕਾਂਤ ਜਗਾ ਵਿਚ ਉਸਨੂੰ ਲੈਕੇ ਮੇਰੀ ਬਾਬਤ ਗਲਾਂ ਕਰਨ ਲਗੇ, ਥੋੜੇ ਚਿਰ ਪਿਛੋਂ ਉਨਾਂ ਨੇ ਮੈਨੂੰ ਪੁਛਿਆ ਕਿ ਦਸ ਤੇਰੀ ਕੀ ਸਲਾਹ ਹੈ ? ਮੈਂ ਤਾਂ ਅਗੇ ਹੀ ਉਨਾਂ ਖਿਆਲਾਂ ਵਿਚ ਗੋਤੇ ਖਾ ਰਹੀ ਹੋ ਸਾਂ, ਕੋਈ ਉੱਤਰ ਨ ਦੇ ਸਕੀ, ਫਿਰ ਥੋੜੇ ਚਿਰ ਪਿਛੋਂ ਸਰਦਾਰ ਕਿਸ਼ਨ ਸਿੰਘ ਜੀ ਦੀ ਭੈਣ ਜਿਸ ਦਾ ਨਾਮ ਰਤਨ ਕੋਰ ਸੀ, ਮੈਨੂੰ ਆਪਣੇ ਨਾਲ ਇਕ ਵਖਰੇ, ਕਮਰੇ ਵਿਚ ਲੈ ਗਈ, ਤੇ ਮੈਨੂੰ ਸਮਝਾਵਨ ਲਗੀ, ਮੈਂ ਇਕ ਟਕ ਰਤਨ ਕੋਰ ਦੇ ਮੂੰਹ ਨੂ ਦੇਖ ਰਹੀ ਸਾਂ।

ਉਸਨੇ ਪੈਹਲੇ ਹੀ ਮੈਨੂੰ ਕਿਹਾ ਭੈਣ ਜੀ ਕੀ ਗਲ ਹੈ ਇਹ ਵਡੇ ਘਰ ਦੀ ਨੂੰਹ ਧੀ ਸੀ, ਜੋ ਨੌਕਰਾਨੀ ਨੂੰ ਭੀ ਭੈਣ ਸਦਦੀ ਸੀ, ਉਸਨੇ ਫੇਰ ਮੇਰਾ ਨਾ ਪੁਛਿਆ।

ਮੈਂ ਉੱਤਰ ਦਿਤਾ ਕਿ ਮੇਰੀ ਨਿਰਭਾਗਨੀ ਦਾ ਨਾਂ ਤਾਂ

ਬਸੰਤ ਕੌਰ ਹੈ, ਜੋ ਆਪ ਨੂੰ ਆਪਣੀ ਭਰਜਾਈ ਨੇ ਦਸਿਆ ਹੈ, ਤੇ ਦੂਜਾ ਲੁਕਵਾ ਨਾਂ ਕ੍ਰਿਪਾਲ ਕੌਰ ਹੈ।

ਰਤਨ ਕੌਰ–ਇਥੇ ਤੁਸੀਂ ਆਪਨਾ ਨਾਂ ਬਸੰਤ ਕੌਰ ਹੀ ਰਖੋ।

ਰਤਨ ਕੌਰ ਦਾ ਮੁੰਡਾ ਬੋਲਿਆ ਬਸੰਤਕੋਰ ਬਸੰਤਕੌਰ ਮੈਨੂੰ ਪਟਾ ਲਗਾ ।

ਮੇਰੇ ਨਾਲ ਰਤਨ ਕੋਰ ਬੜਾ ਹੀ ਪ੍ਰੇਮ ਕਰਨ ਲਗੀ ਤੇ ਮੈਨੂੰ ਆਪਨੇ ਨਾਲ ਜਾਨ ਵਾਸਤੇ ਬੋਲੀ ਮੈਂ ਰਾਜੀ ਹੋ ਗਈ। ਕੰਮ ਉਸ ਬਿਚਾਰੀ ਨੇ ਮੈਨੂੰ ਨਿਰਾ ਏਹ ਹੀ ਸਮਝਾਇਆ ਕਿ ਮੈਂ ਨੋਕਰਾਨੀ ਦਾ ਕੰਮ ਆਪ ਪਾਸੋਂ ਕਦੇ ਭੀ ਨਾਂ ਲਵਾਂਗੀ ਆਪ ਰੋਟੀ ਪਕਾਉਂਨੀ ਜਾਣਦੇਹੋ ਮੈਂ ਬੋਲੀ ਹਾਂ ਇਹ ਤਾਂ ਘਰ ਵਿਚ ਕਦੀ ਕਦੀ ਕਰਦੀ ਹੀ ਸਾਂ, ਸੋ ਉਹ ਮੈਂ ਚੰਗੀ ਤਰਾਂ ਜਾਨਦੀ ਹਾਂ ਉਸਨੇ ਉਤਰ ਦਿਤਾ ਕਿ ਤੁਸੀਂ ਨਿਰੀ ਰੋਟੀ ਹੀ ਪਕਾਉਨਾ, ਤ ਮੈਂ ਭੀ ਤੁਹਾਡੇ ਰੋਟੀ ਪਕਾਉਨ ਵਿਚ ਸਹਾਇਤਾ ਕੀਤਾ ਕਰਾਂਗੀ, ਕਿਉਂ ਜੋ ਕਲਕਤੇ ਦੇ ਰਵਾਜ ਨਾਲ ਅਸੀਂ ਅਪਨੇ ਘਰ ਇਕ ਦੋ ਰਸੋਈਏ ਰਖਦੇ ਹਾਂ ਅਜ ਕਲ ਸਾਡੀ ਇਕ ਰੋਟੀ ਪਕਾਉਨ ਵਾਲੀ ਘਰ ਗਈ ਹੋਈ ਹੈ ਤੁਸੀਂ ਉਸ ਦੀ ਜਗਾ ਕੁਛ ਕੰਮ ਕਰਨਾ, ਕਿਉਂ ਦਸੋ ਰਾਜੀ ਹੋ।

ਮੈਂ ਉਤਰ ਵਿਚ ਹਾਂ ਕੀਤੀ ਤੇ ਕਿਹਾ ਮੈਨੂੰ ਆਪ ਦੀ ਟੈਹਲਨ ਹੋਨਾ ਮਨਜੂਰ ਹੈ।

ਰਤਨ ਕੌਰ–ਆਪ ਅਮਨ ਕਰੋ ਮੈਂ ਕੋਈ ਵਡੀ ਨਹੀਂ ਹਾਂ ਮੈਂ ਭੀ ਆਪ ਦੀ ਇਕ ਸਹੇਲੀ ਹੀ ਹਾਂ, ਤੁਸੀ ਮੈਨੂੰ ਅਪਨੀ ਇਕ ਸਹੇਲੀ ਹੀ ਸਮਝੋ ਪਰ ਮੇਰੀ ਸੱਸ ਜੀਦੀ

ਹਰ ਤਰਾਂ ਨਾਲ ਸੇਵਾ ਕਰਨੀ ਮੈ ਭੀ ਰੋਜ ਕਰਦੀ ਹਾਂ ਤੁਸੀ ਭੀ ਮੇਰੇ ਨਾਲ ਹੀ ਕੀਤਾ ਕਰਨੀ ਜਿਸ ਨਾਲ ਉਹ ਤੁਹਾਡੇ ਉਪਰ ਖੁਸ਼ ਰੈਹਨ ਤੇ ਅਸੀਸ ਦੇਂਦੇ ਰੈਹਨ ਤਾਂ ਜੋ ਤੁਹਾਡਾ ਇਹ ਕਸ਼ਟ ਦੂਰ ਹੋ ਜਾਵੇ ਦਸੋ ਰਾਜੀ ਹੋ।

ਮਾਂ ਬੋਲੀ ਰਾਜੀ ਨਾਂ ਹੋਵਾਂਗੀ ਤਾਂ ਮੇਰਾ ਹੋਰ ਕੇਹੜਾ ਠਿਕਾਨਾ ਹੈ।

ਰਤਨਕੌਰ ਫੇਰ ਇਹ ਗਲ ਨਾ ਕੈਹਨੀ ਠਕਾਨਾ ਕਿਉਂ ਨਹੀਂ ਜਰਾ ਠੈਹਰੋ ਮੈਂ ਹੁਨੇ ਆਉਂਦੀ ਹਾਂ।

ਰਤਨ ਕੌਰ ਇਨਾਂ ਕੈਹ ਆਪਨੀ ਭਰਜਾਈ ਕੋਲ ਜਾਕੇ ਬੋਲੀ ਏਹ ਆਪਦੀ ਕੀ ਲਗਦੀ ਹੈ ਮੈਂ ਇਨਾਂ ਹੀ ਸੁਨਿਆਂ ਸੀ ਉਨਾਂ ਦਾ ਜਵਾਬ ਸੁਨਿਆਂ ਹੀ ਨਹੀਂ ਸੀ, ਉਨਾਂ ਨੈ ਉਨਾਂ ਹੀ ਦਸਿਆ ਹੋਊ ਜੋ ਉਸ ਬੁਢੇ ਗ੍ਰੰਥੀ ਹੋਰਾਂ ਪਾਸੋਂ ਸੁਨਿਆਂ ਸੀ ਉਸ ਵੇਲੇ ਮੁੰਡਾ ਮਾਂ ਨਾਲ ਨਹੀਂ ਗਿਆ ਸੀ ਮੇਰੇ ਪਾਸ ਹੀ ਖੇਡਦਾ ਸੀ।

ਮੈਂ ਉਸ ਨਾਲ ਕੁਝ ਗਲਾਂ ਕਰਨ ਲਗੀ ਹੀ ਸੀ, ਕਿ ਰਤਨ ਕੌਰ ਆ ਗਈ।

ਮੁੰਡੇ ਨੇ ਮੇਰਾ ਹਥ ਫੜਕੇ ਕਿਹਾ ਦੇਖੋ ਮਾਂ ਜੀ ਹਥ ਇਨਾਂ ਦਾ।

ਰਤਨ ਕੌਰ—(ਹੱਸੀ) ਮੈਂ ਪੈਹਲੇ ਹੀ ਦੇਖ ਲਿਆ ਹੈ। ਫਿਰ ਮੇਰੀ ਵਲ ਮੂੰਹ ਕਰਕੇ ਬੋਲੀ ਚਲੋ ਗੱਡੀ ਤਿਆਰ ਹੈ। ਪੈਹਲੇ ਸੈਰ ਕਰਕੇ ਫਿਰ ਚਲਾਂਗੇ, ਅਸੀਂ ਚਾਰੇ ਜਨੇ (ਮੈਂ ਰਤਨ ਕੌਰ, ਰਤਨ ਕੌਰ ਦਾ ਮੁੰਡਾ ਤੇ ਉਨਾਂ ਦੀ ਭਰਜਾਈ) ਗੱਡੀ ਵਿਚ ਬੈਠ ਸੈਰ ਕਰਨ ਚਲੇ ਗਏ।

--o--

## ੬.

## ਸ਼ਾਹੀ ਦਾ ਕਾਲਾ ਕੁਪਾ

ਜਦੋਂ ਅਸੀਂ ਸੈਰ ਕਰਕੇ ਘਰ ਆਏ ਤਾਂ ਉਹ ਮੈਨੂੰ ਆਪਨੀ ਸਸ ਦੇ ਕਮਰੇ ਵਲ ਲੈ ਤੁਰ ਮੈ ਕ'ਹ ਦੇਖਦੀ ਹਾਂ ਕਿ ਉਨਾਂ ਦੀ ਸਸ (ਕਾਲਾ ਸ਼ਾਹੀ ਦਾ ਕੁਪਾ) ਸਫ ਵਿਛਾਕੇ ਬੈਠੀ ਹੋਈ ਹੈ ਮੈ ਜਾਂਦਿਆਂ ਹੀ ਉਨਾਂ ਦੇ ਚਰਨਾ ਉਪਰ ਮੱਥਾ ਟੇਕਿਆ ਉਨਾਂ ਨੇ ਅਸੀਸ ਦਿਤੀ ਤੇ ਬੈਠਨ ਵਾਸਤੇ ਆਖਿਆ ਮੈ ਤੇ ਰਤਨ ਕੌਰ ਬੈਠ ਗਈਆਂ।

ਬੁਢੀ–ਰਤਨ ਕੌਰ ਇਹ ਕੌਨ ਹੈ ?

ਰਤਨ ਕੌਰ–ਮਾਂ ਜੀ ਤੁਹਾਨੂੰ ਇਕ ਰਸੋਇਨ ਦੀ ਲੋੜ ਸੀ ਮੈ ਇਸਨੂੰ ਰਸੋਈ ਦੇ ਕੰਮ ਵਾਸਤੇ ਲੈ ਆਈ ਹਾਂ।

ਬੁਢੀ–ਕਿਥੋਂ ਲੈ ਆਈ ਏਂ ?

ਰਤਨ ਕੌਰ–ਭਰਜਾਈ ਜੀ ਦੇ ਨਾਲ ਆਈ ਸੀ ਉਨਾਂ ਕੋਲੋਂ ਮੈਂ ਲੈ ਆਈ ਹਾਂ ਕਿਉਂਕਿ ਮੈਨੂੰ ਲੋੜ ਸੀ।

ਬੁਢੀ ਨੇ ਨਕ ਮੂੰਹ ਚੜ ਕੇ ਬੋਲੀ ਕਿ ਇਸ ਕੋਲੋਂ ਕੰਮ ਨਹੀਂ ਹੋਨਾ ਹਛਾ ਇਸਦੀ ਤਨਖਾਹ ਕੀ ਕੀਤੀਉ।

ਰਤਨ ਕੌਰ–ਅਜੇ ਫੈਸਲਾ ਨਹੀਂ ਕੀਤਾ।

ਬੁਢੀ–ਕੁਛ ਛਿਥੀ ਹੋਕੇ ਨੌਕਰ ਤਾਂ ਰਖ ਲੀਤਾ ਪਰ ਤਨਖਾਹ ਦਾ ਪਤਾ ਹੀ ਨਹੀਂ।

ਹੁਨ ਬੁਢੀ ਮੇਰੀ ਵਲ ਮੂੰਹ ਕਰਕੇ ਬੋਲੀ ਤੈਨੰ ਤਿੰਨ ਰੁਪਏ ਤੇ ਰੋਟੀ ਕਪੜਾ ਮਿਲੇਗਾ।

ਮੈਂ–ਜੋ ਆਪ ਦਿਓਗੇ ਮੈਂ ਸ੍ਵੀਕਾਰ ਕਰ ਲਵਾਂਗੀ ਕਿਉਂ ਜੋ ਮੈਂ ਤਾਂ ਆਪਦੀ ਸ਼ਰਨ ਵਿਚ ਹੀ ਆ ਪਈ ਹਾਂ।

ਮੈਂ ਤਾਂ ਸਮਝਿਆ ਕਿ ਹੁਨ ਗਲਬਾਤ ਹੋ ਚੁਕੀ ਤੇ ਫੈਸਲਾ ਹੋ ਗਿਆ ਹੈ ਪਰ ਕਿਥੋਂ ਸਿਆਹੀ ਦੇ ਕੁਪੇ ਦਾ ਮੂੰਹ ਖੁਲਾ ਤੇ ਮੈਨੂੰ ਪੁਛਨ ਲਗੀ।

ਬੁਢੀ–ਤੇਰੀ ਉਮਰ ਕਿੰਨੀ ਹੈ।

ਮੈਂ–ਮੇਰੀ ਉਮਰ ਉਨ੍ਹੀਆਂ ਵਰਿਆਂ ਦੀ ਹੈ।

ਬੁਢੀ–ਜਾ ਜਾ ਤੂੰ ਕਿਤੇ ਹੋਰ ਥੇ ਨੌਕਰੀ ਕਰ ਲੈ, ਮੈਂ ਸਿਆਨੀ ਲੜਕੀ ਨੂੰ ਨੌਕਰ ਨਹੀਂ ਰਖਨਾ ਚਾਹੁੰਦੀ।

ਰਤਨ ਕੌਰ–ਕਿਉਂ ਮਾਂ ਜੀ ਸਿਆਨੀ ਕੁੜੀ ਕੰਮ ਨਹੀ ਕਰ ਸਕਦੀ।

ਬੁਢੀ–ਚਲ ਪਾਗਲ ਦੂਰ ਹੋ ਤੈਨੂੰ ਪਤਾ ਨਹੀ ਕਿ ਸਿਆਨੀਆਂ ਕੁੜੀਆ ਕੀ ਕੁਝ ਰੰਗ ਘੋਲਦੀਆਂ ਹਨ।

ਰਤਨ ਕੌਰ–ਮਾਂ ਜੀ ਕੀ ਸਾਰੀ ਦੁਨੀਆਂ ਦੀਆਂ ਲੜਕੀਆਂ ਖਰਾਬ ਹੀ ਹੁੰਦੀਆਂ ਹਨ।

ਬੁਢੀ–ਨਹੀ ਮੈ ਇਸ ਨੂੰ ਨੌਕਰ ਨਹੀ ਰਖਦੀ ਏਹ ਕਮੀਨਨਾਂ ਕਈ ਕੁਛ ਕੰਮ ਕਰਦੀਆਂ ਹਨ ਜਿਨਾਂ ਦਾ ਤੈਨੂੰ ਪਤਾ ਹੀ ਨਹੀ।

ਏਹ ਸਾਰੀਆਂ ਗਲਾਂ ਮੈ ਸੁਨ ਹੀ ਰਹੀ ਸਾਂ ਮੇਰੀਆਂ ਅੱਖਾਂ ਅਥਰੂਆਂ ਦੇ ਦਰਯਾ ਵਹਾਉਂਨ ਲਗੀਆਂ ਤੇ ਮੈਂ ਉਥੋਂ ਬਾਹਰ ਨੂੰ ਚਲੀ ਆਈ।

ਬੁਢੀ–ਕਿਉਂ ਚਲੀ ਗਈ।

ਰਤਨ ਕੌਰ–ਇਸੇਤਰਾਂ ਹੀ ਮਾਲੂਮ ਹੁੰਦਾ ਹੈ।

ਬੁਢੀ–ਚੰਗਾ ਹੋਇਆ ਚਲੀ ਗਈ, ਉਸਦੀ ਜ਼ਰੂਰਤ ਨਹੀਂ।

ਰਤਨ ਕੌਰ–ਮਾਂ ਜੀ ਕਿਸੇ ਨੂੰ ਭੁਖੇ ਆਪਨੇ ਘਰੋਂ

ਕਢਣਾ ਚੰਗਾ ਨਹੀਂ ਮੈਂ ਉਸਨੂੰ ਕੁਝ ਖੁਵਾ ਪਿਆਕੇ ਭੇਜਾਂਗੀ।

ਰਤਨ ਕੌਰ ਉਸੇ ਵੇਲੇ ਉਥੋਂ ਉਠ ਮੇਰੇ ਪਿਛੇ ਆਈ ਤੇ ਮੈਨੂੰ ਸੌਣ ਵਾਲੇ ਕਮਰੇ ਵਿਚ ਲੈ ਗਈ।

ਮੈਂ ਆਪ ਮੈਨੂੰ ਕਿਉਂ ਰੋਕਦੇ ਹੋ, ਮੈਂ ਜਾਨ ਦੀ ਜਾਂ ਰੋਟੀ ਦੀ ਖਾਤਰ ਰੈਹਨਾ ਨਹੀਂ ਚਾਹੁੰਦੀ।

ਰਤਨਕੌਰ—ਤੁਸੀਂ ਅਜ ਦੀ ਰਾਤ ਮੇਰੇ ਉਪਰ ਹਸਾਨ ਕਰਕੇ ਇਥੇ ਹੀ ਮੇਰੇ ਕਮਰੇ ਵਿਚ ਬਿਸ੍ਰਾਮ ਕਰੋ।

ਮੈਂ ਜਾਵਾਂ ਤਾਂ ਕਿਥੇ ਜਾਵਾਂ ? ਇਹ ਸੋਚ ਅਖਾਂ ਪੂੰਝ ਉਸਦੇ ਕੋਲ ਠੈਹਰ ਗਈ।

ਰਤਨ ਕੌਰ—ਜੇ ਤੁਸੀਂ ਇਥੇ ਨਾ ਰਹੋਗੀ ਤਾਂ ਕਿਥੇ ਜਾਉਗੀ।

ਮੈਂ—ਗੰਗਾ ਵਿਚ ਛਾਲ ਮਾਰ ਦਰਯਾ ਦੇ ਨਾਲ ਨਾਲ ਤੁਰੀ ਜਾਵਾਂਗੀ ਤੇ ਕਿਸੇ ਭੁਖੇ ਜਾਨਵਰ ਦਾ ਪੇਟ ਭਰਾਂਗੀ ਰੋਣ ਲਗ ਪਈ।

ਰਤਨ ਕੌਰ—ਮੇਰੇ ਬੈਠੇ ਤੂੰ ਭੈਨ ਇਸਤ੍ਰਾਂ ਕਿਉਂ ਕੈਂਹਦੀ ਹੈਂ, ਜਦ ਤਕ ਮੇਰੀ ਜਿੰਦ ਇਸ ਕਲਬੂਤ ਵਿਚ ਹੈ ਤਦ ਤਕ ਤਾਂ ਮੈਂ ਤੈਨੂੰ ਕਦੀ ਵੀ ਐਸਾ ਨਾ ਕਰਨ ਦਿਆਂਗੀ।

ਸਵੇਰ ਤੋਂ ਤੁਸਾਂ ਜ਼ਰੂਰ ਮੇਰੇ ਨਾਲ ਜਪੁਜੀ ਸਾਹਿਬ ਦਾ ਪਾਠ ਕੀਤਾ ਕਰਨਾ, ਵਾਹਿਗੁਰੂ ਆਪ ਹੀ ਤੁਹਾਡਾ ਕਸ਼ਟ ਹਰਨ ਕਰ ਦੇਣਗੇ।

ਰਤਨ ਕੌਰ ਨੇ ਮੇਰੀਆਂ ਅਖਾਂ ਵਿਚੋਂ ਅਥਰੂ ਪੂੰਝੇ ਤੇ ਆਖਨ ਲਗੀ ਕਿ ਦੇਖ ਤੂੰ ਗੰਗਾ ਵਿਚ ਕਿਸਤ੍ਰਾਂ ਡੁਬ ਮਰੇਂਗੀ ਜ਼ਰਾ ਦੇਖ ਕੀ ਬਣਦਾ ਹੈ, ਤੇਲ ਦੇਖ ਤੇਲ ਦੀ ਧਾਰ ਦੇਖ।

ਰਤਨ ਕੌਰ ਨੇ ਉਸ ਵੇਲੇ ਮਸ਼ਰਾਨੀ ਨੂੰ ਜੋ ਉਸਦੀ ਖਾਸ ਟੈਹਲਨ ਸੀ, ਸ੍ਰ: ਗਜਿੰਦਰ ਸਿੰਘ ਜੀ ਦੇ ਪਾਸ ਭੇਜਨ ਵਾਸਤੇ ਬੁਲਾਇਆ ਤੇ ਉਸਦੇ ਕੰਨ ਵਿਚ ਕਿਹਾ, (ਰਤਨਕੌਰ ਦਾ ਪਤੀ) ਉਹ ਦੌੜਦੀ ਹੋਈ ਬਾਹਰ ਚਲੀ ਗਈ, ਤੇ ਥੋੜੇ ਚਿਰ ਪਿਛੋਂ ਆਕੇ ਆਖਨ ਲਗੀ ਕਿ ਉਹ ਅਜੇ ਬਾਹਰ ਕਿਤੇ ਸੈਰ ਕਰਨ ਗਏ ਹੋਏ ਹਨ, ਅਧੇ ਘੰਟੇ ਨੂੰ ਆਉਣਗੇ। ਅਧ: ਘੰਟਾ ਠੈਹਰਕੇ ਸ੍ਰ: ਸਾਹਿਬ ਨੂੰ ਬੁਲਾਨ ਵਾਸਤੇ ਮਿਸ਼ਰਾਨੀ ਨੂੰ ਫਰ ਬੁਲਾਇਆ ਤੇ ਕਿਹਾ ਕਿ ਸ੍ਰ: ਸਾਹਿਬ ਜੀ ਨੂੰ ਜਲਦੀ ਜਾਕੇ ਬੁਲਾ ਲਿਆ।

ਮੈਂ—ਕੀ ਮੈਨੂੰ ਹੁਣ ਕਿਤੇ ਹੋਰਥੇ ਜਾਨਾ ਪਵੇਗਾ!

ਰਤਨ ਕੌਰ-ਨਹੀਂ ਤੁਸੀਂ ਇਥੇ ਹੀ ਰਹੋ, ਜੋ ਕੁਛ ਹੋਵੇਗਾ ਆਪਦੇ ਸਾਹਮਨੇ ਹੀ ਹੋਵੇਗਾ।

ਇੰਨੇ ਵਿਚ ਸ੍ਰ: ਸਾਹਿਬ ਜੀ ਆਏ, ਇਨ੍ਹਾਂ ਦੀ ਸ਼ਕਲ ਬੜੀ ਸੁੰਦਰ ਸੀ, ਵੇਖਨ ਵਾਲਾ ਵੇਖਦਾ ਹੀ ਮੋਹਤ ਹੋ ਜਾਂਦਾ ਸੀ।

ਸ੍ਰ: ਗਜਿੰਦਰ ਸਿੰਘ ਜੀ—ਕਿਸਨੇ ਸੱਦਿਆ ਹੈ, ਤੇ ਏਹ ਕੌਨ ਹਨ।

ਰਤਨ ਕੌਰ—ਇਨ੍ਹਾਂ ਵਾਸਤੇ ਹੀ ਆਪ ਨੂੰ ਬੁਲਾਇਆ ਹੈ ਰਸੋਈਆ ਘਰ ਜਾਨ ਵਾਲੀ ਹੈ, ਇਨ੍ਹਾਂ ਨੂੰ ਭਰਜਾਈ ਜੀ ਪਾਸੋਂ ਲੈ ਆਈ ਹਾਂ ਪਰ ਮਾਂ ਜੀ ਇਨ੍ਹਾਂ ਨੂੰ ਰਖਨਾ ਨਹੀਂ ਚਾਹੁੰਦੇ।

ਸ੍ਰ: ਗਜਿੰਦਰ ਸਿੰਘ—ਮਾਂ ਜੀ ਕਿਉਂ ਨਹੀਂ ਰਖਦੇ।

ਰਤਨ ਕੌਰ—ਆਖਦੇ ਹਨ ਕਿ ਜਵਾਨ ਹੈ, ਬੱਸ ਇਨਾਂ ਹੀ ਉਜ਼ਰ ਹੈ।

ਗ: ਸਿੰਘ–ਮੇਰਾ ਕੀ ਕੰਮ ਹੈ।

ਰਤਨ ਕੌਰ–ਬੱਸ ਨੌਕਰ ਰਖਵਾ ਦਿਓ।

ਗ: ਸਿੰਘ–ਕਿਉਂ।

ਰਤਨ ਕੌਰ–(ਕੰਨ ਵਿਚ) ਮੇਰਾ ਹੁਕਮ ਹੈ।

ਇਹ ਗਲ ਮੈਂ ਭੀ ਸੁਨ ਲਈ ਸਰਦਾਰ ਜੀ ਨੇ ਹੌਲੀ ਜੇਹੀ ਕਿਹਾ ਹੱਛਾ ਤੁਹਾਡਾ ਹੁਕਮ ਕਿਸੇ ਤਰਾਂ ਭੀ ਮੋੜਿਆ ਨਹੀਂ ਜਾ ਸਕਦਾ।

ਰਤਨ ਕੌਰ–ਕਦੋਂ ?

ਗ: ਸਿੰਘ ਰੋਟੀ ਖਾਨ ਲਗਿਆਂ,ਮੈਂ ਸ੍ਰਦਾਰ ਸਾਹਿਬ ਦੇ ਜਾਨ ਪਿਛੋਂ ਰਤਨ ਕੌਰ ਨਾਲ ਗਲਾਂ ਕਰਨ ਲਗੀ, ਤੇ ਉਸਨੂੰ ਪੁਛਿਆ ਮੇਰੀ ਪਿਆਰੀ ਭੈਨ ਜੀ (ਕਿਉਂਕਿ ਉਹ ਮੈਨੂੰ ਭੈਨ ਕੈਹਕੇ ਹੀ ਸਦ ਦੀ ਹੁੰਦੀ ਸੀ)।

ਦਸੋ ਜੇ ਮੈਨੂੰ ਸ੍ਰਦਾਰ ਸਾਹਿਬ ਜੀ ਦੇ ਆਖਨ ਪੁਰ ਨੌਕਰ ਰਖ ਹੀ ਲੀਤਾ ਗਿਆ ਤਾਂ ਮੈਂ ਇਸਤਰਾਂ ਦੀਆਂ ਝਿੜਕਾਂ ਤਾਂ ਨਹੀਂ ਸਹਾਰ ਸਕਾਂਗੀ।

ਰਤਨ ਕੌਰ–ਕੁਝ ਛਿਥੀ ਜੇਹੀ ਹੋਕੇ ਬੋਲੀ ਕਿਤੇ ਇਕ ਦਿਨ ਵਿਚ ਗੀਗਾ ਤਾਂ ਨਹੀਂ ਸੁਕ ਚਲੀ, ਜੋ ਹੋਵੇਗਾ ਦੇਖਿਆ ਜਾਵੇਗਾ, ਰਾਤ ਨੂੰ ਜਦੋਂ ਰਤਨ ਕੌਰ ਦੇ ਮਾਲਕ ਰੋਟੀ ਖਾਨ ਆਏ ਤਾਂ ਉਹ (ਸ਼ਾਹੀ ਦਾ ਕੁਪਾ) ਬੁਢੀ ਪੁਤਰ ਦੇ ਪਾਸ ਆ ਬੈਠੀ ਅਤੇ ਰਤਨ ਕੌਰ ਮੈਨੂੰ ਨਾਲ ਖਿਚਕੇ ਲੈਗਈ। ਕਿ ਦੇਖੀਏ ਕੀ ਬਣਦਾ ਹੈ, ਅਸੀਂ ਦੋਵੇਂ ਜਨੀਆਂ ਪਰਦੇ ਓਹਲੇ ਹੋਕੇ ਤਮਾਸ਼ਾ ਵੇਖਨ ਲਗੀਆਂ, ਰੋਟੀ ਥਾਲ ਵਿਚ ਪਾਈ ਗਈ ਤੇ ਸ੍ਰਦਾਰ ਜੀ ਦੇ ਅਗੇ ਰਖੀ ਗਈ ਉਨ੍ਹਾਂ ਨੇ ਅਜੇ ਪਹਿਲੀ ਹੀ ਬੁਰਕੀ ਖਾਦੀ ਸੀ ਕਿ ਦੂਸਰੀ ਵਲੋਂ

ਹਥ ਖਿਚਕੇ ਬਾਲ ਪਰੇ ਧੱਕ ਦਿਤਾ।

ਬੁਡੀ-ਪੁਤਰ ਰੋਟੀ ਕਿਉਂ ਨਹੀਂ ਖਾਂਦੇ।

ਗ: ਸਿੰਘ-ਏਹ ਆਦਮੀ ਦਾ ਖਾਨਾ ਹੈ ਕਿ ਡੰਗਰਾਂ ਦਾ, ਮੈਂ ਤਾਂ ਇਸ ਨੂੰ ਨਹੀਂ ਖਾਵਾਂਗਾ ਤੇ ਕਲ ਤੋਂ ਭੂਆ ਜੀ ਦੇ ਘਰ ਰੋਟੀ ਖਾਇਆ ਕਰਾਂਗਾ।

ਬੁਢੀ-ਨਾ ਬਚਾ ਨਾ ਮੈਂ ਦੂਜੀ ਰਸੋਇਨ ਕੋਲੋਂ ਰੋਟੀ ਪਕਵਾਇਆ ਕਰਾਂਗੀ।

ਗ: ਸਿੰਘ ਜੀ ਉਸੇ ਤਰਾਂ ਉਠ ਮੂੰਹ ਹਥ ਧੋਕੇ ਚਲੇ ਗਏ, ਰਤਨ ਕੌਰ ਨੇ ਮੈਨੂੰ ਆਖਿਆ ਕਿ ਲਵੋ ਅਜ ਤਾਂ ਰੋਟੀ ਵੀ ਨਹੀਂ ਖਾਦੀ ਤੇ ਭੁਖੇ ਹੀ ਚਲੇ ਗਏ ਹਨ, ਪਰ ਕੰਮ ਤਾਂ ਬਣ ਗਿਆ ਹੈ।

ਮੈਂ ਕੁਛ ਉਦਾਸ ਜੇਹੀ ਹੋਕੇ ਕੁਝ ਕੇਹਨਾ ਹੀ ਚਾਹੁੰਦੀ ਸਾਂ ਕਿ ਮਿਸ਼ਰਾਨੀ ਆਈ, ਤੇ ਆਖਣ ਲਗੀ, ਕਿ ਵਡੀ ਮਾਂ ਜੀ ਆਪ ਨੂੰ ਯਾਦ ਕਰਦੀ ਹੈ, ਰਤਨ ਕੌਰ ਮੇਰੇ ਵਲ ਦੇਖਕੇ ਮੁਸਕਰਾਈ ਤੇ ਉਸ ਨਾਲ ਹੀ ਆਪਨੀ ਸਸ ਜੀ ਪਾਸ ਗਈ, ਮੈਂ ਓਹਲੇ ਹੋਕੇ ਦੋਹਾਂ ਦੀਆਂ ਗਲਾਂ ਸੁਣਨ ਲਗੀ।

ਬੁਢੀ-(ਕਾਲੀ ਸ਼ਾਹੀ ਦਾ ਕੁਪਾ) ਕੀ ਉਹ ਕੁੜੀ ਚਲੀ ਗਈ ਹੈ।

ਰਤਨ ਕੌਰ ਉਸਨੇ ਤਾਂ ਅਜੇ ਤਕ ਰੋਟੀ ਵੀ ਨਹੀਂ ਖਾਧੀ ਇਸੇ ਕਰਕੇ ਉਸਨੂੰ ਰੋਕ ਛਡਿਆ ਹੈ।

ਬੁਢੀ-ਉਹ ਰੋਟੀ ਕਿਸਤਰਾਂ ਦੀ ਪਕਾਉਂਦੀ ਹੈ।

ਰਤਨ ਕੌਰ-ਮੈਨੂੰ ਕੀ ਪਤਾ ?

ਬੁਢੀ-ਜੇ ਉਹ ਅਜ ਰਹਿ ਜਾਵੇ ਤਾਂ ਕੀ ਹਰਜ ਹੈ।

ਕਲ ਦੋ ਚਾਰ ਭਾਜੀਆਂ ਬਨਵਾਕੇ ਵੇਖ ਲਵੇ।

ਰਤਨ ਕੌਰ–ਤਾਂ ਕੀ ਉਸ ਨੂੰ ਅਜ ਰੋਕ ਲਵਾਂ?

ਰਤਨ ਕੌਰ ਮੇਰੇ ਪਾਸ ਆਕੇ ਤੇ ਰਤਾ ਜ਼ੋਰ ਨਾਲ ਕੈਹਨ ਲਗੀ ਕੀ ਤੁਸੀਂ ਚੰਗੀ ਰੋਟੀ ਪਕਾ ਲਵੋਗੇ।

ਮੈਂ ਉਤਰ ਦਿਤਾ ਕਿ ਮਹਾਰਾਜ ਹੋਰ ਮੇਰਾ ਕੰਮ ਹੀ ਕੀ ਹੈ।

ਰਤਨ ਕੌਰ–ਚੰਗਾ ਫੇਰ ਕਲ ਆਪੇ ਇਮਤਾਨ ਹੋਵੇਗਾ ਹੀ ਸਾਰਾ ਭੇਦ ਖੁਲ ਜਾਵੇਗਾ।

ਹੌਲੀ ਜਿਤੀ ਮੇਰੇ ਕੰਨ ਵਿਚ ਕੈਹਨ ਲਗੀ, ਕਿ ਤੁਹਾਨੂੰ ਰੋਟੀ ਪਕਾਉਨ ਦੀ ਜਾਚ ਨਹੀਂ ਤਾਂ ਮੈਂ ਕਲ ਆਪ ਤੁਹਾਡੇ ਨਾਲ ਹੋਕੇ ਕਰਵਾ ਦੇਵਾਂਗੀ।

—o—

## ੭.

## ਇਮਤਿਹਾਨ ਹੋਇਆ

ਦੂਸਰੇ ਦਿਨ ਰਤਨ ਕੌਰ ਮੈਨੂੰ ਗੁਰ ਦਸਨ ਵਾਸਤੇ ਆਈ ਤਾਂ ਮੈਂ ਜਾਨ ਬੁਝਕੇ ਤੜਕੇ ਵਿਚ ਲਾਲ ਮਿਰਚਾਂ ਸੁਟ ਦਿਤੀਆਂ ਜਿਸ ਨਾਲ ਉਹ ਖੰਗਦੀ ਖੰਗਦੀ ਪਿਛੇ ਹੀ ਮੁੜ ਗਈ ਤੇ ਮੁੜਦੀ ਮੁੜਦੀ ਇਹ ਕੈਂਹਦੀ ਹੋਈ ਦੌੜੀ ਕਿ ਸਮਝ ਗਈ ਸਮਝ ਗਈ।

ਪੈਹਲੇ ਮੁੰਡੇ ਕੁੜੀਆਂ ਨੇ ਰੋਟੀ ਖਾਦੀ, ਰਤਨ ਕੌਰ ਨੇ ਪੈਹਲੇ ਆਪਨੇ ਛੋਟੇ ਮੁੰਡੇ ਪਾਸੋਂ ਪੁਛਿਆ, ਕਿ ਦਸ ਰੋਟੀ ਕਹੀ ਹੈ, ਤਾਂ ਉਹ ਹਸਕੇ ਕੈਹਨ ਲਗਾ, ਬੜੀ ਸਵਾਦ, ਬੜੀ ਮਜ਼ੇਦਾਰ ਇਸ ਨਾਲੋਂ ਚੰਗੀ ਤਾਂ ਹੋਰ ਕੋਈ ਹੋ ਹੀ

ਨਹੀਂ ਸਕਦੀ।

ਮੁੰਡੇ ਕੁੜੀਆਂ ਪਿਛੋਂ ਸ੍ਰ: ਗਜਿੰਦਰ ਸਿੰਘ ਜੀ ਰੋਟੀ ਖਾਨ ਆਏ ਮੈਂ ਚੋਰੀ ਚੋਰੀ ਉਨਾਂ ਵਲ ਦੇਖਦੀ ਰਹੀ, ਉਹ ਬੜੀ ਖੁਸ਼ੀ ਨਾਲ ਖਾ ਗਏ।

ਬੁਢੀ-(ਸ਼ਾਹੀ ਦਾ ਕੁਪਾ) ਦਸੋ ਖਾਂ ਅਜ ਕਿਹੋ ਜੇਹੀ ਰੋਟੀ ਬਨਾਈ ਹੈ, ਤਾਂ ਸ੍ਰਦਾਰ ਜੀ ਬੋਲ, ਅਜ ਖੂਬ ਸਵਾਦ ਹੈ, ਕਿਸ ਨੇ ਰੋਟੀ ਤਿਆਰ ਕੀਤੀ ਹੈ, ਤਾਂ ਬੁਢੀ ਬੋਲੀ ਕਿ ਨਵੀਂ ਰੋਟੀ ਪਕਾਉਨ ਵਾਲੀ ਰਸੋਇਨ ਮੰਗਾਈ ਹੈ, ਉਸਨੇ ਅਜ ਰੋਟੀ ਪਕਾਈ ਹੈ।

ਸ੍ਰ: ਗਜਿੰਦਰ ਸਿੰਘ ਏਹ ਤਾਂ ਕੋਈ ਸਮਝਦਾਰ ਹੈ, ਖਾਨ ਪਕਾਨ ਦੇ ਬਨਾਉਨ ਦਾ ਤਾਂ ਚੰਗਾ ਢੰਗ ਯਾਦ ਸੂ। ਇਤਨਾ ਕੈਹ, ਹਥ ਮੂੰਹ ਧੋ, ਆਪਨੀ ਬੈਠਕ ਵਲ ਚਲੇ ਗਏ ਤੇ ਹੁਣ ਬੁਢੀ (ਸ਼ਾਹੀ ਦੇ ਕੁਪੇ) ਦੀ ਵਰੀ ਆਈ, ਮੈਂ ਉਥੋਂ ਉਠਕੇ ਚਲੀ ਗਈ ਤੇ ਇਹ ਦਿਲ ਵਿਚ ਇਕਾਰਾਰ ਕਰ ਲੀਤਾ, ਕਿ ਬਿਨਾਂ ਕਿਸੇ ਕੰਮ ਕਦੀ ਭੀ ਇਸ ਪਾਸ ਨਹੀਂ ਜਾਵਾਂਗੀ।

ਫਿਰ ਕਈ ਤਰੀਕਿਆਂ ਨਾਲ ਇਸਦੀ ਆਦਤਾਂ ਦਾ ਪਤਾ ਕੀਤਾ, ਤਾਂ ਮਲੂੰਮ ਹੋਇਆ ਕਿ ਦਿਲ ਦੀ ਕਾਲੀ ਨਹੀਂ।

ਪੈਹਲੀ ਮਿਸ਼ਰਾਨੀਆਈ ਤਾਂ ਮੈਂ ਉਹਨੂੰ ਪੁਛਿਆ ਕਿ ਦਸੋ ਜੀ ਵਡੀ ਮਾਂ ਜੀ ਨੇ ਵੀ ਖਾਨੇ ਨੂੰ ਸਲਾਇਆ ਹੈ ਕਿ ਨਹੀਂ, ਉਹ ਭਰੀ ਪੀਤੀ ਬੋਲੀ, ਰੋਟੀ ਪਕਾਉਨ ਵਾਲੀ ਸੋਹਨੀ ਹੋਣੀ ਚਾਹੀਦੀ ਹੈ ਹੋਰ ਤਾਂ ਕੋਈ ਗਲ ਹੀ ਨਹੀਂ।

ਇਨਾਂ ਗਲਾਂ ਤੋਂ ਮੈਂ ਸਮਝ ਗਈ ਕਿ ਵਡੀ ਮਾਂ ਜੀ

ਨੇ ਰੋਟੀ ਦੀ ਤਰੀਫ ਕੀਤਾ ਹੋਵੇਗੀ, ਜਿਸ ਨਾਲ ਏਹ ਲਾਲ ਭਬੂਕਾ ਹੋਗਈ ਹੈ,ਮੈਂ ਉਸਨੂੰ ਚਿੜਾਉਨਦੀ ਖਾਤਰ ਬੋਲੀ, ਕਿ ਸੁਨੋ ਮਿਸ਼ਰਾਨੀ ਜੀ ਜਵਾਨੀ ਭੀ ਤਾਂ ਕੋਈ ਚੀਜ਼ ਹੈ ਨਾ, ਬੁਢੀ ਫਾਫਾਂ ਦੇ ਹਥੋਂ ਦਿਲ ਹੀ ਜਲ ਜਾਂਦਾ ਹੈ, ਮੂੰਹ ਵਿਚ ਬੁਰਕੀ ਪਾਉਣ ਨੂੰ ਦਿਲ ਨਹੀਂ ਕਰਦਾ, ਉਹ ਫਿਰ ਮੂੰਹ ਵਿਚ ਕੁਛ ਚਿਰ ਬੁੜ ਬੁੜਾਉਂਦੀ ਰਹੀ, ਤੇ ਆਖਰ ਬੋਲੀ ਕਿ ਇਹ ਜਵਾਨੀ ਭੀ ਤਾਂ ਚਾਰ ਦਿਨ ਹੀ ਹੈ, ਇਨ੍ਹਾਂ ਰਸਾਂ ਨੇ ਆਖਰ ਆਪਨਾ ਰੰਗ ਛਡ ਹੀ ਜਾਨਾ ਹੈ, ਇਨਾਂ ਦੰਦਾਂ ਨੇ ਭੀ ਤਾਂ ਕੋਈ ਦਿਨ ਸਾਥ ਛਡਨਾ ਹੈ, ਕੀ ਹੋਇਆ ਕਦੀ ਅਸੀਂ ਭੀ ਤਾਂ ਜਵਾਨੀ ਦੀ ਲੈਹਰ ਲੈ ਹੀ ਚੁਕੇ ਹਾਂ, ਇਸ ਤਰਾਂ ਗਲਾਂ ਭੀ ਕਰਦੀ ਜਾਂਦੀ ਸੀ ਤੇ ਕੰਮ ਭੀ ਕਰਦੀ ਜਾਂਦੀ ਸੀ, ਇੰਨੇ ਵਿਚ ਹੀ ਮਿਸ਼ਰਾਨੀ ਜੀ ਦੇ ਹਥੋਂ ਇਕ ਕਾਹੜਨੀ ਡਿਗ ਪਈ, ਜੋ ਠੀਕਰੀ ਠੀਕਰੀ ਹੋਗਈ, ਮੈਂ ਬੋਲੀ ਕਿ ਬੁਢੇ ਹਥਾਂ ਵਿਚੋਂ ਤਾਂ ਕਾਹੜਨੀ ਭੀ ਆਪਨਾ ਪਿਛਾ ਛੁਡਾਵਨਾ ਚਾਹੁੰਦੀ ਸੀ, ਇੰਨਾਂ ਸੁਨ ਮਿਸ਼ਰਾਨੀ ਤਾਂ ਲਾਲ ਹੋਗਈ ਤੇ ਗੁਸੇ ਵਿਚ ਇਕ ਸੋਟੀ ਲੈਕੇ ਮੈਨੂੰ ਮਾਰਨ ਲਗੀ, ਮੈਂ ਅਗੋਂ ਦੌੜ ਗਈ, ਮਿਸ਼ਰਾਨੀ ਗੁਸੇ ਵਿਚ ਬੋਲੀ ਸ਼ਰਮ ਨਹੀਂ ਆਂਵਦੀ,ਇੰਨੇ ਵਿਚ ਰਤਨ ਕੌਰ ਵੀ ਆਗਈ, ਉਸਨੇ ਸੋਟੀ ਲੈਕੇ ਮੇਰੇ ਪਿਛੇ ਦੌੜਦੀ ਮਿਸ਼ਰਾਨੀ ਨੂੰ ਦੇਖ ਲਿਆ ਤੇ ਉਸਦੀਆਂ ਗਲਾਂ ਭੀ ਸੁਨ ਲਈਆਂ।

ਰਤਨ ਕੌਰ–ਮਿਸ਼ਰਾਨੀ ਕੀ ਤੂੰ ਇਨ੍ਹਾਂ ਨੂੰ ਕੀ ਆਖਦੀ ਹੈਂ, ਕੀ ਤੈਨੂੰ ਪਤਾ ਨਹੀਂ ਕਿ ਮੇਰੀ ਸੱਜੀ ਬਾਂਹ ਹੈ, ਮੈਂ ਇਸਨੂੰ ਆਪਨੇ ਨਾਲ ਲਿਆਈ ਸਾਂ, ਚਲ ਇਥੋਂ ਦੂਰ ਹੋ ਮੇਰੀਆਂ ਅਖਾਂ ਅਗੋਂ ਫਿਰ ਨਾ ਆਵੀਂ।

ਮਿਸ਼ਰਾਨੀ-( ਰੋਣੀ ਸੂਰਤ ਬਨਾਕੇ ) ਮੋਇਆਂ ਔਤਰਿਆਂ ਗਾਲ ਕਢੀ ਹੈ,ਮੈਂਕੀ ਮਜ਼ਾਲ ਕਿ ਮੈ ਗਾਲ ਕਢਾਂ

ਰਤਨ ਕੌਰ—ਖਿੜ ਖਿੜਾਕੇ ਹਸੀ।

ਮੈਂ—ਮਿਸ਼ਰਾਨੀ ਜੀ ਤੁਸੀਂ ਕਿਉ ਮੋਏ ਔਂਤਰੇ ਤੁਸੀਂ ਤਾਂ ਰਾਜੇ ਦੁਨੀਆਂ ਦੀ ਨੀਂਹ ਗਡਨੀ ਹੈ।

ਹੁਨ ਮਿਸ਼ਰਾਨੀ ਬੋਲੀ ਕਿ ਤੁਸੀਂ ਤਾਂ ਇਸਦੀ ਮਦਦ ਕਰਦੇ ਹੋਵੋਗੇ ਮੈਂ ਵਡੀ ਮਾਂ ਜੀ ਪਾਸ ਜਾਨੀ ਹਾਂ।

ਰਤਨ ਕੌਰ—ਚਲ ਮੈਂ ਭੀ ਆਂਵਦੀ ਹਾਂ,ਅਤੇ ਕਹਾਂਗੀ ਕਿ ਮਿਸ਼ਰਾਨੀ ਹਰਾਮਜ਼ਾਦੀ ਨੇ ਗਾਲ ਕੱਢੀ ਹੈ।

ਹੁਨ ਮਿਸ਼ਰਾਨੀ ਜੀ ਦੀ ਹਿੰਮਤ ਉਥੋਂ ਉਠਨ ਦੀ ਭੀ ਨਹੀਂ ਰਹੀ।

ਹੁਨ ਅਸੀਂ ਦੋਵੇਂ ਜਨੀਆਂ ਨੇ ਮਿਸ਼ਰਾਨੀ ਨੂੰ ਮਿਠੀਆਂ ਚੋਪੜੀਆਂ ਗੱਲਾਂ ਕਰਕੇ ਖੁਸ਼ ਕਰਨ ਲਗੀਆਂ।

ਮੈਂ-ਦਸੋ ਖਾਂ ਜੀ ਭਲਾ ਮਿਸ਼ਰਾਨੀ ਨੇ ਗਾਲ ਕਦੋਂ ਕਢੀ ਸੀ ਮੈਂ ਤਾਂ ਨਹੀਂ ਸੁਨਿਆ।

ਮਿਸ਼ਰਾਨੀ—ਲੌ ਬਬੀ ਜੀ ਦਸੋ ਖਾਂ ਭਲਾ ਮੇਰੇ ਮੂੰਹੋਂ ਕਦੀ ਭੈੜੇ ਸ਼ਬਦ ਇਹੋ ਜਹੇ ਬੋਲ ਨਿਕਲ ਸਕਦੇ ਹਨ।

ਰਤਨ ਕੌਰ-ਅਛਾ ਕਿਸੇ ਬਾਹਰੋਂ ਅਖਿਆ ਹੋਊ, ਮੈਨੂੰ ਭਿਨਕ ਪਈ ਸੀ।

ਮੈਂ—ਹਾਂ ਠੀਕ ਹੈ ਬਾਹਰ ਦੋ ਹੋਰ ਬੁਡੀਆਂ ਆਪੋਵਿਚ ਗੁਥਮ ਗੁਥਾ ਹੋਈਆਂ ਹੋਈਆਂ ਸਨ, ਉਨ੍ਹਾਂ ਵਿਚੋਂ ਕਿਸੇ ਇਕ ਨੇ ਆਖਿਆ ਹੋਊ ਮਿਸ਼ਰਾਨੀ ਜੀ ਤਾਂ ਬੜੀ ਚੰਗੀ ਚੀਜ਼ ਬਨਾਉਂਦੇ ਹਨ, ਇਨ੍ਹਾਂ ਦੇ ਹਥਾਂ ਵਿਚ ਤਾਂ ਅਕਾਲ ਪੁਰਖੁ ਨੇ ਕੋਈ ਅਮ੍ਰਿਤ ਪਾਇਆ ਹੋਇਆ ਹੈ, ਜਦੋਂ ਕਿਸੇ

ਚੀਜ਼ ਨੂੰ ਹਥ ਪਾਉਂਦੀ ਹੈ ਉਹੋ ਹੀ ਰਾਸ ਹੋ ਜਾਂਦੀ ਹੈ।

ਮਿਸ਼ਰਾਨੀ—ਠੀਕ ਹੈ ਵਢੇ ਘਰਾਂ ਦੀਆਂ ਨੂੰਹਾਂ ਧੀਆਂ ਨੂੰ ਹੀ ਰੋਟੀ ਦੀ ਪਰਖ ਹੁੰਦੀ ਹੈ ਹੋਰ ਉਜੜ ਕੀ ਜਾਨਦੇ ਹਨ ਕੀ ਹੁੰਦਾ ਹੈ।

ਹੁਨ ਤਾਂ ਮਿਸ਼ਰਾਨੀ ਦਾ ਢਿਡ ਫੁਲ ਗਿਆ ਸੀ ਉਹਤਾਂ ਹਸ ੨ ਕੈ ਲਗੀ ਗਲਾਂ ਕਰਨ ਦੇਖੋ ਮੈਂ ਕਦੀ ਏਹੋ ਜੇਹੀ ਕੁੜੀ ਨੂੰ ਗਾਲ ਕਢ ਸਕਦੀ ਸਾਂ ਤੂੰ ਬੱਚੀ ਕਿਸੇ ਕਿਸਮ ਦਾ ਫਿਕਰ ਨ ਕਰਿਆ ਕਰ, ਮੈਂ ਤੈਨੂੰ ਭਾਜੀ ਵਾਜੀ ਚੰਗੀ ਤਰਾਂ ਬਨਵਾ ਦਿਆਂ ਕਰਾਂਗੀ, ਤੇ ਤੈਨੂੰ ਜਾਚ ਸਖਾਕੇ ਹੀ ਮੈਂ ਘਰ ਜਾਵਾਂਗੀ।

ਮਿਸਰਾਨੀ ਜੀ ਦੀਆਂ ਇਨ੍ਹਾਂ ਗਲਾਂ ਤੇ ਮੈਨੂੰ ਅਜ ਹਾਸਾ ਆਯਾ, ਜਦੋਂ ਦੀ ਮੈਂ ਆਈ ਸਾਂ, ਅੱਜ ਹੀ ਹਸੀ ਸਾਂ, ਇਨੇ ਦਿਨ ਤਾਂ ਸੋਚਾਂ ਤੇ ਰੋਨ ਵਿਚ ਹੀ ਨਿਕਲੇ ਸਨ।

ਬੁੱਢੀ—(ਸ਼ਾਹੀ ਦਾ ਵੱਡਾ ਕੁਪਾ) ਆਈ ਮੈਂ ਰੋਟੀ ਥਾਲ ਵਿੱਚ ਪਾਕੇ ਅਗੇ ਰਖੀ ਬੁੱਢੀ ਦਾ ਖਾਨ ਵੇਖਕੇ ਮੈਂ ਹਰਾਨ ਰੈਹ ਗਈ ਕਿ ਕਿਨੀ ਪੇਟੂ ਹੈ।

ਬੁੱਢੀ ਬੋਲੀ—ਭਾਜੀ ਤਾਂ ਚੰਗੀ ਬਨਾਉਂਦੀ ਹੈ, ਕਿਥੋਂ ਸਿਖੀ ਸੀ।

ਮੈਂ—ਆਪਨੇ ਪੇਕੇ ਘਰੋਂ।

ਬੁੱਢੀ—ਤੇਰੇ ਪੇਕੇ ਕਿਥੇ ਹਨ?

ਮੈਂ—ਝੂਠੀ ਮੂਠੀ ਉਸਨੂੰ ਟਾਲ ਛੱਡਿਆ।

ਬੁੱਢੀ—ਇਹੋ ਜੇਹੇ ਖਾਨੇ ਤਾਂ ਹਮੇਸ਼ਾਂ ਵਡਿਆਂ ਘਰਾਂ ਵਿਚ ਹੀ ਬਨਦੇ ਹਨ, ਮਲੂਮ ਹੁੰਦਾ ਹੈ, ਕਿ ਕਦੀ ਤੇਰੇ ਪੇਕੇ ਵਡੇ ਆਦਮੀ ਹੋਨਗੇ।

ਮੈਂ--ਹਾਂ ਜੀ।

ਬੁੱਢੀ--ਤਾਂ ਫੇਰ ਤੂੰ ਰੋਟੀ ਪਕਾਉਨ ਉਪਰ ਨੌਕਰ ਕਿਉਂ ਰਹੀ।

ਮੈਂ--ਮੇਰੀ ਕਿਸਮਤ ਵਿਚ ਜੋ ਲਿਖਿਆ ਹੈ, ਉਹੀ ਹੋਣਾ ਹੈ।

ਬੁੱਢੀ--ਹਛਾ ਤੂੰ ਇਥੇ ਰਵੇਂਗੀ ਤਾਂ ਤੈਨੂੰ ਬਹੁਤ ਸੁਖ ਮਿਲੇਗਾ ਮੈਂ ਭੀ ਤੈਨੂੰ ਆਪਨੀ ਹੀ ਧੀਆਂ ਵਾਂਗੂ ਸਮਝਾਂਗੀ, ਜਿਸ ਨਾਲ ਤੈਨੂੰ ਆਪਨੇ ਪੇਕੇ ਭੁਲ ਜਾਨਗੇ।

ਸ਼ੁਕਰ ਹੈ ਕਾਲੇ ਸ਼ਾਹੀ ਦੇ ਪੀਪੇ ਵਿਚੋਂ ਭੀ ਚਿਟਿਆਈ ਦੀ ਝਲਕ ਪਈ ਹੈ।

ਬੁੱਢੀ–ਰਤਨ ਕੌਰ ਨੂੰ ਸਦਕੇ ਆਖਨ ਲਗੀ ਵੇਖ ਬਚੀ ਇਸਨੂੰ ਕਿਸੇ ਤਰਾਂ ਭੀ ਬੁਰਾ ਭਲਾ ਨ ਕਹੀਂ ਤੂੰ ਤਾਂ ਨਹੀਂ ਹੀ ਕਹੇਂਗੀ,ਕਿਉਂਕਿ ਵੱਡੇ ਘਰਾਨੇ ਘਰ ਦੀਆਂ ਨੂੰਹਾਂ ਧੀਆਂ ਨਹੀਂ ਕੈਂਹਦੀਆਂ, ਏਹ ਧਿਆਨ ਰਖੀਂ ਕੋਈ ਹੋਰ ਭੀ ਇਸ ਨੂੰ ਕੁਝ ਨ ਕਹੇ।

ਬੁੱਢੀ ਦੇ ਜਾਨ ਪਿਛੋਂ ਰਤਨ ਕੌਰ ਮੇਰੀ ਵਲ ਆਈ ਤੇ ਆਖਨ ਲਗੀ ਕਿ ਬਸ ਅੱਜ ਤਾਂ ਨਤੀਜਾ ਇਮਤਿਹਾਨ ਦਾ ਨਿਕਲ ਆਇਆ।

ਰਤਨ ਕੌਰ ਦਾ ਮੁੰਡਾ ਮੈਂ ਤਾਂ ਅੱਜ ਮਿਠੇ ਚੌਲ ਖਾਵਾਗਾਂ ! ਖਾਵਾਗਾਂ !!

ਮੈਂ–ਕਿਉਂ ਜੀ ਕੀ ਖਾਓਗੇ।

ਮੁੰਡਾ–ਮਿਠੇ ਚਾਲ (ਚਾਵਲ) ਚਾਲ।

ਰਤਨ ਕੌਰ–ਤੇਰੀ ਸੱਸ ਦਾ ਸਿਰ।

ਮੁੰਡਾ–ਛਾ, ਛਾ, ਛਾ, ਉਹ ਹੱਛਾ ਨੂੰ ਛਾ ਕਹਿੰਦਾ ਸੀ।

ਰਤਨ ਕੌਰ ਨੇ ਮੇਰੀ ਵਲ ਮੂੰਹ ਕਰਕੇ ਇਹੋ, ਤੇਰੀ ਸੱਸ ਈ ਰਤਨ ਕੌਰ ਖੁਸ਼ ਦਿਲ ਸੀ, ਮੇਰੇ ਨਾਲ ਮੜ੍ਹਾਂ ਹੀ ਦਿਲ ਲਗੀ ਕਰਦੀ ਰੈਂਹਦੀ ਸੀ, ਬੜੀ ਹਸ ਮਖ ਨੀ।

ਹੁਨ ਅਸੀਂ ਦੋਵੇਂ ਜਨੀਆਂ ਰੋਟੀ ਖਾਨ ਲਗੀਆਂ, ਰੋਟੀ ਖਾਂਦਿਆਂ ਖਾਂਦਿਆ ਕਈ ਦਿਲ ਲਗੀ ਦੀਆਂ ਗਲਾਂ ਹੁੰਦੀਆਂ ਰਹੀਆਂ ਦੇਖੋ ਅਜ ਤਾਂ ਇਨਾਂ ਦੇ ਲੜਕੇ ਨੇ ਖੁਸ਼ ਹੋਕੇ ਰੋਟੀ ਖਾਧੀ ਹੈ, ਹੁਨ ਜੇਕਰ ਤੁਸੀਂ ਕੋਈ ਜ਼ਿਦ ਕਰੋਗੀ ਤਾਂ ਤਨਖਾਹ ਭੀ ਵਧ ਜਾਵੇਗੀ।

ਮੈਂ—ਤਨਖਾਹ ਨਾਲ ਤਾਂ ਮੈਨੂੰ ਕੋਈ ਸਨਬੰਧ ਹੀ ਨਹੀ, ਜੋ ਮਿਲੇਗਾ ਆਪ ਦੇ ਅਗੇ ਹੀ ਰਖ ਦੇਵਾਂਗੀ, ਆਪ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਉਪਰ ਖਰਚ ਕਰ ਦਿਤਾ ਕਰਨਾ, ਮੈਂ ਇਨਾਂ ਤੇ ਹੀ ਉਸ ਅਕਾਲ ਪੁਰਖ ਦਾ ਲਖ ਲਖ ਸ਼ੁਕਰ ਕਰਦੀ ਹਾਂ ਜਿਸ ਨੇ ਆਪ ਜਹੀ ਦਿਆਲੂ ਨਾਲ ਮੇਲ ਕਰ ਦਿਤਾ ਹੈ।

ਰਤਨ ਕੌਰ—ਇਹ ਨਿਰਾ ਤੁਹਾਡਾ ਹੀ ਹਰ ਰੋਜ਼ ਅੰਮਰਤ ਵੇਲੇ ਉਠਨਾ, ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ, ਅਤੇ ਪਾਠ ਕਰਨ ਦਾ ਹੀ ਫਲ ਹੈ।

ਜੇ ਕਰ ਤੁਸੀਂ ਇਸੇ ਤਰਾਂ ਆਪਨੇ ਨਿਤ ਨੇਮ ਵਿਚ ਮਗਨ ਰਹੋਗੀ ਤਾਂ ਮੈਂ ਉਮੈਦ ਕਰਦੀ ਹਾਂ ਉਸ਼ ਅਕਾਲ ਪੁਰਖ ਅਗੇ ਕੋਈ ਗਲ ਭੀ ਅਸੰਭਵ ਨਹੀ, ਉਹ ਸਭ ਮੁਸ਼ਕਲਾਂ ਨੂੰ ਦੂਰ ਕਰਕੇ ਸੁਖਾਂ ਦੀ ਖਾਂਨ ਬਨਾ ਦਿੰਦਾ ਹੈ,ਤੇਰੇ ਉਪਰ ਵੀ ਕਦੀ ਮੇਹਰ ਬਾਨ ਹੋ ਜਾਵੇ ਤਾਂ ਤੇਰੀ ਭੀ ਆਸ ਪੂਰੀ ਹੋ ਜਾਵੇ।

—o—

## ੯.

ਮੈਂਨੂੰ ਦੁਖੀਆਨੂੰ ਰੈਹਨ ਦੀ ਜਗਾ ਮਿਲ ਗਈਤੇ ਉਹ ਵੀਬੜੀਸੁੰਦਰਮਾਲਕਮਕਾਨਵੀਮੇਰੇਉਪਰਬੜੀਖੁਸ਼ਹੈਹੇਅਕਾਲ ਪੁਰਖ ਮੈ ਤੇਰਾ ਕੇਹੜੀ ਜ਼ਬਾਨ ਨਾਲ ਧੰਨਵਾਦ ਕਰਾਂ। ਮੇਰੀ ਜ਼ਬਾਨ ਵਿਚ ਇਨੀ ਹਿਮਤ ਨਹੀ ਜੋ ਤੇਰਾ ਧੰਨਵਾਦ ਕਰ ਸਕਾਂ ਮੈਂ ਜਿਸ ਤਰਾਂ ਪੈਹਲੇ ਤੇਰੇ ਨਿਤ ਨੇਮ ਤੋਂ ਭੁਲੀ ਪਈ ਸਾਂ, ਤੇਰਾ ਨਾ ਮੇਰੇ ਹਿਰਦੇ ਵਿਚੋਂ ਮਿਟ ਚੁਕਾ ਸੀ, ਤੇਰੀ ਯ ਦ ਵਲੋਂ ਗਾਫਲ ਹੋ ਚੁਕੀ ਸਾਂ ਤੂੰਹੀ ਹੈਂ ਜਿਸ ਨੇ ਮੈਨੂੰ ਭੁਲੀ ਨੂੰ ਫਿਰ ਰਸਤੇ ਪਾਇਆ ਇਹ ਤੇਰੀ ਹੀ ਕ੍ਰਿਪਾ ਹੈ ਕੇ ਘਰ ਦੀ ਮਾਲਕ ਮੇਰੇ ਉਪਰ ਮੇਹਰਬਾਨ ਹੈ ਜਿਸਦੀ ਮੇਹਰਬਾਨੀ ਨਾਲ ਘਰ ਦੀ ਬਾਂਦੀ ਵਿਚ ਇਨੀ ਕਿਸੇ ਹਿੰਮਤ ਨਹੀ ਕਿ ਮੈਨੂੰ ਕੋਈ ਕਿਸੇ ਕਿਸਮ ਦੀ ਗਲ ਤਾਂ ਕੈਹ ਸਕੇ ਰੋਟੀ ਦਾ ਭੀ ਆਰਾਮ ਮਿਲਿਆ ਪੁਰਾਨੀ ਰੋਟੀ ਪਕਾਉਨ ਵਾਲੀ ਘਰ ਨਹੀ ਗਈ, ਤੇ ਉਹ ਵੀ ਬਹੁਤ ਸਾਰਾ ਕੰਮ ਨਾਲ ਕਰਵਾਂਉਦੀ ਰੈਂਹਦੀ ਹੈ।

ਬੁਢੀ ਤੇ ਰਤਨ ਕੌਰ ਵਿਚ ਕੁਝ ਗਲਾਂ ਹੋਨ ਲਗ ਪਇਆਂ ਜਿਨਾਂ ਨੂੰ ਮੈਂ ਉਹਲੇ ਹੋਕੇ ਸੁਨਨ ਲਗ ਪਈ।

ਬੁਢੀ–ਬਸੰਤ ਕੌਰ ਕਿਸੇ ਚੰਗੇ ਘਰ ਦੀ ਹੈਂ, ਉਹ ਕਲੀ ਸਾਰੀ ਰਸੋਈ ਨਾ ਕਰ ਸਕਿਆ ਕਰੇਗੀ,

ਰਤਨਕੌਰ–ਤਦ ਮਿਸ਼ਰਾਨੀ ਨੂੰ ਹੀ ਰਖ ਲਵੋ, ਬਸੰਤ ਕੌਰ ਦੀ ਕੀ ਜ਼ਰੂਰਤ ਹੈ,

ਬੁਢੀ-ਸਰਦਾਰ ਗਜਿੰਦਰ ਸਿੰਘ ਤਾ ਮਿਸ਼ਰਾਨੀ ਦੇ

ਹੱਥ ਦੀ ਰੋਟੀ ਹੀ ਨਹੀ ਖਾਂਦੇ ਹੱਛਾ ਦੋਹਾਂ ਨੂੰ ਹੀ ਰੈਹਨ ਦਿਓ।

ਰਤਨ ਕੌਰ ਇਕ ਬੜੀ ਸਿਆਨੀ ਤੇ ਅਕਲ ਵਾਲੀ ਸੀ, ਜਿਸਤਰਾਂ ਦੀ ਏਹ ਸੁੰਦਰ ਸੀ,ਉਸੇ ਤਰਾਂ ਦੀ ਹੀ ਅਕਲ ਵਿਚ ਪਰਬੀਨ ਸੀ, ਆਪਨੀ ਸਿਆਨਪ ਨਾਲ ਉਹ ਹਰ ਇਕ ਕੰਮ ਅਪਨੀ ਸੱਸ ਪਾਸੋਂ ਆਪਨੀਂ ਮਨ ਮਰਜੀ ਦਾ ਕਰਵਾ ਲੈਂਦੀ ਸੀ,

ਮੇਰਾ ਕੰਮ ਨਿਰਾ ਮਹਾਂਪ੍ਰਸ਼ਾਦ ਜਾਂ ਭਾਜੀ ਬਨਾਉਨ ਦਾ ਹੀ ਸੀ ਰੋਟੀ ਤਾਂ ਮਿਸ਼ਰਾਨੀ ਆਪ ਪਕਾਉਂਦੀ ਸੀ, ਮੈਂ ਬੁਢੀ ਨੂੰ ਮੁਠੀ ਚਾਪੀ ਕਰ ਤੇ ਧਾਰਮਕ ਸਾਖੀਆਂ ਸੁਨਾਆਇਆ ਕਰਦੀ ਸਾਂ, ਬੁਢ ਕਦੀ ਕਦੀ ਏਹ ਆਖਨ ਲਗ ਜਾਦੀ ਸੀ, ਕਿ ਮੇਰੀ ਉਮਰ ਤਾਂ ਅਜੇ ਕੋਈ ਬਹੁਤੀ ਨਹੀ ਹੈ, ਐਵੇਂਈਂ ਮੇਰੇ ਵਾਲ ਚਿਟੇ ਹੋਗਏ ਹਨ।

ਹੁਨ ਮੈਨੂੰ ਕੱਮ ਕਰਦੀ ਨੂੰ ਪੂਰਾ ਇਕ ਮਹੀਨਾ ਹੋ ਗਿਆ ਸੀ, ਮੈਨੂੰ ਮੇਰੀ ਤਨਖਾਹ ਦੇ ਤਿੰਨ ਰੁਪੈ ਮਿਲੇ ਉਹ ਮੈਂ ਲਿਆਕੇ ਰਤਨ ਕੌਰ ਦੇ ਅੱਗੇ ਰਖਕੇ ਬੋਲੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਵਾਈਏ, ਤੇ ਇਨ੍ਹਾਂ ਰੁਪਿਆਂ ਦਾ ਕੜਾਹ ਪ੍ਰਸ਼ਾਦ ਤੇ ਗ੍ਰੰਥੀ ਜੀ ਦੀ ਭੇਟਾ ਦਾ ਸਾਮਾਨ ਮੰਗਵਾਈਏ ਬਸੰਤ ਕੌਰ ਨੇ ਕੁਝ ਆਪਨੇ ਪਾਸੋਂ ਪਾਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਕੰਮ ਅਰੰਭਿਆ, ਪਾਠ ਹਰ ਰੋਜ ਹੋਨ ਲਗਾ,ਨੂੰਹ ਸੱਸ ਕੰਮਾਂ ਵਿਚੋਂ ਵੇਹਲੀਆਂ ਹੋਕੇ, ਬੜੇ ਪਰੇਮ ਨਾਲ ਪਾਠ ਸੁਨਨ ਲਗੀਆਂ, ਸਤਾਂ ਦਿਨਾਂ ਪਿਛੋਂ ਪਾਠ ਸਮਾਪਤ ਹੋਇਆ। ਕੜਾਹ ਪ੍ਰਸ਼ਾਦ ਦੇ ਪਿਛੋਂ ਗਰੀਬ ਗੁਰਬੇ ਲਈ ਕੁਝ ਭੋਜਨ ਭੀ ਪਕਵਾਇਆ, ਅਜੇ ਗਰੀਬ

ਗੁਰਬੇਵਿਚ ਲੰਗਰ ਵਰਤ ਹੀਰਿਹਾ ਸੀ, ਕਿ ਸਰਦਾਰ ਗਜਿੰਦਰ ਸਿੰਘ ਜੀ ਭੀ ਆ ਗਏ, ਅਤੇ ਪੁਛਨ ਲਗੇ ਕੀ ਅਜ ਚੋਰੀਂ ਭੰਡਾਰਾ ਖੋਲ ਦਿਤਾ ਹੈ, ਸਾਨੂੰ ਪਤਾ ਤਕ ਭੀ ਨਹੀ ਕੀਤਾ, ਅਤੇ ਚੋਰੀ ਚੋਰੀ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਵੀ ਸਮਾਪਤ ਕਰ ਦਿਤਾ ਹੈ, ਇਨਾਂ ਕੈਹਦੇ ਹੀ ਸਨ ਕਿ ਰਤਨ ਕੌਰ ਬੋਲੀ, ਮਹਾਰਾਜ ਜੀ ਏਹ ਸਾਰਾ ਉਦਮ ਹੀ ਆਪ ਦੀ ਨਵੀਂ ਰਸੋਇਨ ਦਾ ਹੈ, ਮੇਰਾ ਇਸ ਵਿਚ ਤਾਂ ਕੋਈ ਵੀ ਹਿਸਾ ਨਹੀ ਇਹ ਸੁਨ ਸ੍ਰਦਾਰ ਹੋਰੀਂ ਬੜੇ ਹੀ ਖੁਸ਼ ਹੋਏ ਤੇ ਆਖਨ ਲਗੇ, ਇਨ੍ਹਾਂ ਨਾਲੋਂ ਹੋਰ ਕੇਹੜਾ ਕੰਮ ਸ਼ੁਭ ਹੋ ਸਕਦਾ ਹੇ, ਇਸ ਵਿਚ ਮੇਰਾ ਭੀ ਹਿਸਾ ਪਾ ਲਿਆ ਜਾਵੇ, ਇਨਾ ਕੈਹਕੇ ਇਕ ਦਸ ਰੁਪੈ ਦਾ ਨੋਟ ਦਿਤਾ ਹੁਨ ਤਾਂ ਇਨਾਂ ਦੋਹਾਂ ਨੇ ਹੋਰ ਸਲਾਹ ਬਨਾ ਲਈ ਕਿ ਕਲ ਫੇਰ ਗ੍ਰੰਥੀ ਜੀ ਨੂੰ ਬੁਲਾਕੇ ਪਾਠ ਰਖਾਇਆ ਜਾਵੇ ਤੇ ਸ੍ਰਦਾਰ ਜੀ ਨੂੰ ਭੀ ਦਸ ਦਿਤਾ ਜਾਵੇ. ਦੂਜਾ ਦਿਨ ਚੜ੍ਹਿਆ ਤਾਂ ਇਕ ਬਾਂਦੀਨੇ ਸ੍ਰਦਾਰਜੀ ਨੂੰ ਆਨ ਉਠਾਇਆ ਤ ਕਿਹਾ ਸ੍ਰਦਾਰਨੀ ਜੀ ਸਦਦੇ ਹਨ ਤੇ ਕੈਂਹਦੇ ਹਨ ਕੇ ਅਸ਼ਨਾਨ ਕਰਕੇ ਛੇਤੀ ਆਉ ਸਰਦਾਰ ਜੀ ਦਿਲ ਵਿਚ ਕੈਹਨ ਲਗੇ ਕਿ ਪਤਾ ਨਹੀ ਕੀ ਕੰਮ ਹੈ ਅੱਜ ਇਨੀ ਛੇਤੀ ਬੁਲਾ ਭੇਜਿਆ ਹੈ ਛੇਤੀ ਨਾਲ ਉਠ ਅਸ਼ਨਾਨ ਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿਚ ਗਏ ਤਾਂ ਕੀ ਦੇਖਦੇ ਹਨ, ਕਿ ਅਜ ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਹੋਨ ਲਗਾ ਹੈ ਬੜੇ ਖੁਸ਼ ਹੋਏ, ਤੇ ਆਪ ਅਗੇ ਹੋ ਕੇ ਲਗੇ ਕੰਮ ਕਰਨ ਅਜ ਵੀ ਸਾਰਾ ਕੰਮ ਸਰਦਾਰ ਜੀ ਨੇ ਆਪ ਕੀਤਾ ਤੇ ਚੰਗੀ ਤਰਾਂ ਪਰੇਮ ਨਾਲ ਪਾਠ ਸੁਨਦੇ ਰਹੇ, ਭੋਗ ਪਿਆ ਤਾਂ ਉਸੇ ਤਰਾਂ ਹੀ

ਗਰੀਬ ਗੁਰਬੇ ਨੂੰ ਯਥਾ ਸ਼ਕਤ ਦਾਨ ਦਿਤਾ ਗਿਆ।

ਅਜ ਤੋਂ ਤਾਂ ਮੇਰੀ ਤਬੀਅਤ ਬਹੁਤ ਚਿਰ ਉਸ ਅਕਾਲ ਪੁਰਖ ਦੇ ਚਰਨਾ ਵਿਚ ਹੀ ਰੈਹਨ ਨੂੰ ਕਰਦੀ ਸੀ, ਮੈਂ ਰੋਜ ਸਵੇਰੇ ਤੜਕੇ ਉਠਦੀ ਅਕਾਲ ਪੁਰਖ ਦਾ ਧੰਨਵਾਦ ਕਰਦੀ ਤੇ ਜਪੁਜੀ ਸਾਹਿਬ ਦਾ ਪਾਠ ਕਰਦੀ, ਪਾਠ ਕੀਤੇ ਬਗੇਰ ਰੋਟੀ ਭੀ ਨਾ ਖਾਦੀ ਸਾਂ।

ਮੇਰੀ ਹਾਲਤ ਦੇਖਕੇ ਰਤਨ ਕੌਰ ਬੜੀ ਖੁਸ਼ ਹੁੰਦੀ ਸੀ ਤੇ ਮੈਨੂੰ ਇਹੋ ਹੀ ਨਸੀਹਤ ਕਰਦੀ ਸੀ ਕਿ ਪਾਠ ਕੋਲੋਂ ਕਦੀ ਭੀ ਅਵੇਸਲੀ ਨਹੀਂ ਰੈਹਨਾ, ਪਾਠ ਹਰ ਰੋਜ ਕਰਨਾ ਇਹ ਪਾਠ ਹੀ ਤੇਰੇ ਵਾਸਤੇ ਦੁਖਾਂ ਦੇ ਹਟਾਉਨ ਦੀ ਦਵਾ ਹੈ ਤੂੰ ਹਰ ਵੇਲੇ ਉਸੇ ਅਕਾਲ ਪੁਰਖ ਦੀ ਯਾਦ ਵਿਚ ਹੀ ਰਿਹਾ ਕਰ ਜੇਕਰ ਕਦੀ ਮੈਨੂੰ ਅਵੇਸਲੀ ਦੇਖੇਂ ਤਾਂ ਬੇਸ਼ਕ ਜੋ ਸਜਾ ਤੂੰ ਮੈਨੂੰ ਚਾਹੇਂ ਦੇ ਦੇਵੀਂ ਜੇਕਰ ਤੈਨੂੰ ਮੈਂ ਕਦੀ ਅਵੇਸਲੀ ਦੇਖਾਂਗੀ ਤਾਂ ਮੈਂ ਜੋ ਚਾਹਾਂਗੀ ਸਜਾ ਦੇਵਾਂਗੀ।

ਇਕ ਦਿਨ ਮੈਂ ਉਨਾਂ ਅਪਨੇ ਪਿਛਲੇ ਖਿਆਲਾ ਵਿਚ ਗਲਤਾਨ ਰਹੀ ਤੇ ਰੋਂਦੀ ਰੋਂਦੀ ਨੇ ਹੀ ਤਿੰਨ ਪੈਹਰ ਰਾਤ ਬਿਤਾ ਦਿਤੀ, ਸੋ ਏਹ ਜ਼ਰੂਰੀ ਸੀ ਕਿ ਚੌਥੇ ਪੈਹਰ ਨੀਂਦਰ ਆਜਾਂਦੀ ਸੋ ਆਹੀ ਗਈ ਤੇ ਮੈਂ ਆਪਨੇ ਵੇਲੇ ਸਿਰ ਨਾ ਉਠ ਸਕੀ।

ਰਤਨ ਕੌਰ ਉਠੀ ਤੇ ਮੈਨੂੰ ਨਾ ਦੇਖਕੇ ਮੇਰੀ ਵਲੋਂ ਕਈ ਕਿਸਮ ਦੇ ਖਿਆਲਾਂ ਵਿਚ ਗਲਤਾਨ ਹੋਈ ਹੋਈ ਮੇਰੇ ਕਮਰੇ ਵਲ ਆਈ ਤੇ ਦਰਵਾਜਾ ਖੜਕਉਨ ਲਗੀ ਮੈਂ ਅਭੜ ਵਾਹੇ ਉਠ ਬੈਠੀ ਤੇ ਬੂਹਾ ਖੋਲਿਆ, ਤਾ ਕੀ ਦੇਖਦੀਹਾਂ, ਕਿ ਰਤਨ ਕੌਰ ਹੀ ਦਰਵਾਜੇ ਦੇ ਖੜਕਾਉਂਨ ਵਾਲੀ ਹੈ, ਉਹ

ਮੈਨੂੰ ਗੁਸੇ ਵਿਚ ਏਹ ਕੈਹਨ ਲਗੀ, ਬਸੰਤ ਕੌਰ ਅਜ ਤੈਨੂੰ ਕੀ ਹੋ ਗਿਆ, ਕਿ ਅਜੇ ਤਕ ਤੂੰ ਸੁਤੀ ਹੀ ਪਈ ਹੈਂ, ਕਿਨਾਂ ਦਿਨ ਚੜ੍ਹ ਗਿਆ ਹੈ, ਪਰ ਤੈਨੂੰ ਕੁਛ ਪਤਾ ਹੀ ਨਹੀ ਮੈਂ ਕੁਛ ਜਵਾਬ ਨਾ ਦਿੰਦੀ ਹੋਈ, ਉਸ ਨਾਲ ਤੁਰ ਪਈ ਉਹ ਮੈਨੂੰ ਆਪਨੇ ਨਾਲ ਸ੍ਰਦਾਰ ਜੀ ਦੇ ਕਮਰੇ ਵਿਚ ਲੈਕੇ ਚਲੀ ਗਈ ਤੇ ਉਥੇ ਮੇਰਾ ਮੁਕਦਮਾ ਪੇਸ਼ ਹੋਇਆ ਮੈਂ ਜਿਸ ਕਰਕ ਰਾਤ ਨੂੰ ਦੇਰੀ ਨਾਲ ਸੁਤੀ ਸਾਂ ਉਹ ਸਾਰੀ ਵਿਥਯਾ ਕੈਹ ਸੁਨਾਈ, ਜਿਸ ਤੇ ਮੈਨੂੰ ਫੇਰ ਵੀ ਸਜਾ ਮਿਲ ਹੀ ਗਈ ਮੇਰੀ ਸਜਾ ਨਿਰੀ ਏਹ ਹੀ ਸੀ, ਕਿ ਮੈਨੂੰ ਆਪ ਨੇ ਨਿਤ ਨੇਮ ਕੋਲੋਂ ਪੰਜ ਪਾਠ ਜਪੁਜੀ ਜੀ ਦੇ ਹੋਰ ਕਰਨੇ ਪਏ ਮੈਨੂੰ ਪਾਠ ਕਰਦੀ ਨੂੰ ਦੇਰੀ ਹੋ ਗਈ, ਮੈਂ ਛੇਤੀ ਛੇਤੀ ਵੇਹਲੀ ਹੋ ਰਸੋਈ ਦੇ ਆਹਰ ਵਿਚ ਲਗ ਗਈ।

—o—

## ੧੦.

## ਆਸ ਦਾ ਝਲਕਾ

ਜਿਸ ਦਿਨ ਮੈਨੂੰ ਰਤਨਕੌਰ ਆਪਨੇ ਕਮਰੇ ਵਿਚ ਲੈਜਾਕੇ ਮੇਰੀ ਪੁਰਾਨੀ ਹਾਲਤ ਸੁਨਨ ਦੀ ਬਾਬਤ ਬਹੁਤ ਜੋਰ ਲਾ ਚੁਕੀ ਸੀ ਉਸ ਦਿਨ ਮੈਂ ਕਾਲਾ ਦੇਗੀ ਦੀ ਲੁਟ ਦਾ ਨਾਮ ਲੈਕੇ ਕੈਹ ਦਿਤਾ ਸੀ ਕਿ ਇਹ ਭੇਤ ਮੈਂ ਫੇਰ ਕਿਸੇ ਵਲੇ ਦਸਾਂਗੀ, ਸੋ ਅਜ ਉਹ ਉਸ ਨੂੰ ਜਾਨਨ ਦੀ ਖਿਚ ਵਿਚ ਮੈਨੂੰ ਜੋਰ ਦੇਨ ਲਗੀ।

ਰਤਨ ਕੌਰ:—ਬਸੰਤ ਕੌਰੇ ਉਸ ਦਿਨ ਤੂੰ ਮੇਰੇ ਨਾਲ ਇਕਰਾਰ ਕੀਤਾ ਸੀ ਕਿ ਤੂੰ ਮੈਨੂੰ ਕਾਲਾ ਦੇਗੀ ਦੀ ਲੁਟ ਦਾ

ਸਾਰਾ ਹਾਲ ਦਸੇਂਗੀ ਸੋ ਅਜ ਮੈਨੂੰ ਦਸ।

ਥੋੜਾ ਚਿਰਮੈਂ ਚੁਪਰੈਹਨਦੇ ਪਿਛੋਂ ਬੋਲੀ ਕਿ ਉਹ ਤਾਂ ਮੇਰੀ ਹੀ ਦੁਖ ਦਾਈ ਕਹਾਨੀ ਹੈ,ਮੈਂ ਤਾਂ ਆਪਨੂੰ ਏਹ ਦਸਹੀ ਚੁਕੀ ਹੋਈਹਾਂਕਿਮੇਰੇ ਪਿਤਾਜੀਵਡੇਧਨਾਡਸਨ,ਮੇਰੇ ਸੌਹਰੇਭੀਧਨਾਡ ਸਨ,ਪਰਉਹ ਪਿਤਾ ਜੀ ਪਾਸੋਂ ਬਹੁਤ ਘਟ ਹਨ,ਮੇਰੇਪਿਤਾ ਜੀ ਅਜੇ ਭੀ ਜੀਉਂਦੇ ਹਨ,ਓਹਨਾਂਦੇ ਬੂਹਿਆਂਉਪਰਹਾਥੀ ਝੂਲਦੇ ਹਨ, ਅਤੇ ਮੈਂ ਜੋ ਆਪਦੇ ਘਰ ਦੀ ਰਸੋਈ ਬਨਾਉਂਦੀ ਹਾਂ, ਤੇ ਪੇਟ ਦੀ ਪੂਜਾ ਕਰਦੀ ਹਾਂ ਉਸਦਾ ਕਾਰਨ ਸਿਰਫ ਕਾਲਾ ਦੇਗੀ ਦੀ ਲੁਟ ਹੈ।

ਰਤਨ ਕੌਰ—ਜੇਕਰ ਤੁਹਾਨੂ ਉਹ ਸਾਰਾ ਹਾਲ ਸੁਨਾਉਣ ਵਿਚ ਕੋਈ ਸੰਕੋਚ ਨਾ ਹੋਵੇ ਤਾਂ ਮੈਨੂੰ ਸੁਨਾ ਦਿਓ।

ਮੈਂ—ਜੇ ਮੈਂ ਤੁਹਾਨੂ ਨਾ ਸੁਨਾਵਾਂਗੀ, ਤਾਂ ਹੋਰ ਕਿਸ ਨੂੰ ਸੁਨਾਵਾਂਗੀ ਤੁਸਾਂ ਜੋ ਮੇਰੇ ਉਪਰ ਬਹੁਤ ਸਾਰੀ ਕ੍ਰਿਪਾਲਤਾ ਕੀਤੀ ਹੈ ਮੈਨੂੰ ਹੋਰ ਤੁਹਾਡੇ ਨਾਲੋਂ ਕੌਣ ਚੰਗਾ ਹੈ।

ਮੈਂ ਨਾ ਤਾਂ ਆਪਨੇ ਪਿਤਾ ਜੀ ਦਾ ਨਾਮ ਦਸਿਆ ਅਤੇ ਨਾ ਆਪਨੇ ਸੌਹਰੇ ਦਾ ਪਰ ਜੋ ਕੁਝ ਮੇਰੇ ਨਾਲ ਬੀਤੀ ਸੀ ਉਹ ਸਾਰੀ ਕਹਾਨੀ ਕੈਹ ਸੁਨਾਈ।

ਦੂਸਰੇ ਦਿਨ ਫੇਰ ਰਤਨ ਕੌਰ ਨੇ ਆਕੇ ਮੈਨੂੰ ਆਪਨੇ ਪਿਤਾ ਜੀ ਤੇ ਆਪਨੇ ਸੌਹਰੇ ਜੀ ਦਾ ਨਾਮ ਤੇ ਪਤਾ ਪੁਛਣ ਵਾਸਤੇ ਆਖਿਆ, ਤੇ ਕਿਹਾ ਕਿ ਮੈਂ ਤਾਂ ਪੁਛੇ ਬਗੈਰ ਨਹੀਂ ਛਡਾਂਗੀ।

ਹੁਣ ਮੈਂ ਸਾਰਾ ਪਤਾ ਤੇ ਨਾਮ ਵੀ ਦਸ ਦਿਤਾ।

ਰਤਨ ਕੌਰ–ਪਿੰਡ ਦਾ ਨਾਂ ਤੇ ਦਸਿਆ, ਪਰ ਡਾਕ ਘਰ ਤਾਂ ਨਹੀਂ ਦਸਿਆ।

ਮੈਂ–ਮੈਨੂੰ ਡਾਕ ਘਰ ਪਤਾ ਹੋਵੇ ਤਾਂ ਮੈਂ ਦਸਾਂ ਮੈਨੂੰ ਤਾਂ ਪਤਾ ਹੀ ਨਹੀਂ ਤੇ ਦਸਾਂ ਕੀ ?

ਤੀਸਰੇ ਦਿਨ ਫੇਰ ਰਤਨ ਕੌਰ ਬੋਲੀ, ਕਿ ਤੂੰ ਤਾਂ ਕਿਸੇ ਧਨਾਢ ਘਰਾਨੇ ਦੀ ਹੈਂ, ਕਦ ਇਹ ਕੰਮ ਕਰੇਂਗੀ, ਤੁਹਾਡ ਜਾਂਣ ਨਾਲ ਮੈਂ ਤਾਂ ਬਹੁਤ ਉਦਾਸ ਰਹਿਆ ਕਰਾਂਗੀ, ਪਰ ਤੁਹਾ ਨੂੰ ਦੁਖ ਵਿਚ ਭੀ ਤਾਂ ਨਹੀਂ ਦੇਖ ਸਕਦੀ, ਮੈਂ ਪਾਪਨ ਨਹੀਂ ਹਾਂ ਮੈਂ ਜਰੂਰ ਤੈਨੂੰ ਤੇਰੇ ਪਰਾਨ ਪਤੀ ਜੀ ਦੇ ਪਾਸ ਭਿਜਵਾ ਦੇਵਾਂਗੀ।

ਮੈਂ ਡਾਕ ਖਾਨਾ ਸਿਰਫ ਇਸੇ ਕਰਕੇ ਹੀ ਪੁਛਦੀ ਸਾਂ ਕਿ ਖਤ ਲਿਖਾਂ ਹੋਰ ਮੇਰਾ ਕੋਈ ਪਰਯੋਜਨ ਨਹੀਂ ਸੀ।

ਮੈਂ–ਕੀ ਤੁਸਾਂ ਇਹ ਸਾਰੀ ਬਿਪਤ ਭਰੀ ਕਹਾਨੀ ਆਪਨੇ ਪਤੀ ਜੀ ਨੂ ਕੈਹ ਦਿਤੀ ਹੈ।

ਰਤਨ ਕੌਰ–ਦਸਨ ਵਿਚ ਕੀ ਹਰਜ ਸੀ, ਡਾਕਖਾਨਾ ਤਾਂ ਮਹੇਸ਼ ਪੁਰ ਵਿਚ ਹੀ ਹੈ, ਇਹ ਸੋਚ ਉਸ ਨੇ ਖਤ ਲਿਖ ਦਿਤਾ।

ਹੁਣ ਤਾਂ ਮੈਂ ਦਿਨ ਗਿਨਨ ਲਗੀ, ਪਰ ਕਿਸਮਤ ਖੋਟੀ ਉਨਾਂ ਦਿਨਾਂ ਵਿਚ ਹਰ ਇਕ ਪਿੰਡ ਵਿਚ ਡਾਕ ਖਾਨਾ ਨਹੀਂ ਸੀ ਹੁੰਦਾ, ਡਾਕਖਾਨਾ ਤਾਂ ਕਿਸੇ ਦੂਸਰੇ ਪਿੰਡ ਵਿਚ ਸੀ, ਇਸ ਕਰਕੇ ਡੇਡੇ ਲੈਟਰ ਆਫਸ ਵਾਲਿਆਂ, ਉਹ ਚਿੱਠੀ ਫਿਰ ਸਰਦਾਰ ਗਜਿੰਦਰ ਸਿੰਘ ਜੀ ਨੂੰ ਵਾਪਸ ਕਰ ਦਿਤੀ।

ਮੈਂ ਫਿਰ ਰੋਣ ਲਗੀ, ਸਰਦਾਰ ਜੀ ਬੜੇ ਧੀਰਜ ਵਾਨ ਸਨ, ਉਨਾਂ ਨੇ ਰਤਨ ਕੌਰ ਦੀ ਰਾਹੀਂ ਮੈਨੂੰ ਬੜੀ ਧੀਰਜ ਦਵਾਈ।

---o---

## ੧੧

# ਚੋਰੀ ਚੋਰੀ ਨਜ਼ਰ

ਮੈਂ ਸਵੇਰੇ ਉਠੀ ਵੇਖਿਆ ਕਿ ਘਰ ਵਿਚ ਕਿਸੇ ਦੀ ਰੋਟੀ ਦੀਆਂ ਤਿਆਰੀਆਂ ਹੋ ਰਹੀਆਂ ਹਨ, ਮੈਂ ਸੋਚਿਆ ਸਰਦਾਰ ਹੋਰਾਂ ਦਾ ਕੰਮ ਵਕੀਲੀ ਹੈ ਉਨਾਂ ਦਾ ਕੋਈ ਰਈਸ ਮੁਅਕਲ ਅਜ ਕਲਕਤੇ ਵਿਚ ਆਇਆ ਹੋਇਆ ਹੋਵੇਗਾ ਜਿਸਦੀ ਅਜ ਰੋਟੀ ਹੈ, ਮੈਨੂੰ ਇਹਭੀ ਪਤਾ ਲਗ ਚੁਕਾ ਸੀ, ਕਿ ਮੇਰੇ ਪਿਤਾ ਜੀ ਤੇ ਮੇਰੇ ਪਰਾਨ ਪਤੀ ਜੀ ਭੀ ਇਨਾਂ ਦੇ ਪਾਸ ਆਇਆ ਜਾਇਆ ਕਰਦੇ ਹਨ।

ਰਸੋਈ ਦਾ ਕੰਮ ਸਾਰਾ ਅਜ ਮੇਰੇ ਹੀ ਹੱਥਰਾ ਸੀ ਮੈਂ ਉਸ ਦਿਨ ਬਹੁਤ ਕੰਮ ਕੀਤਾ, ਕਿਉਂਕਿ ਮੈਨੂੰ ਇਹ ਹੁਕਮ ਸੀ ਕਿ ਹਰ ਇਕ ਚੀਜ ਘਰ ਵਿਚ ਹੀ ਤਿਆਰ ਹੋਵੇ ਜਿਨਾਂ ਦੀ ਰੋਟੀ ਸੀ ਓਹ ਵੇਲੇ ਸਿਰ ਹੀ ਆ ਗਏ, ਹੁਣ ਮਸ਼ਰਾਨੀ ਦਾ ਰੋਟੀ ਪਰੋਸਨ ਦਾ ਕੰਮ ਆ ਇਆ, ਕਿਉਂਕਿ ਮੈਂ ਤਾਂ ਪਰਦੇ ਵਿਚ ਹੀ ਰੈਂਹਦੀ ਸਾਂ, ਤੇ ਕਿਸੇ ਪਰਾਏ ਆਦਮੀ ਦੇ ਸਾਮਨੇ ਨਹੀਂ ਹੁੰਦੀ ਸਾਂ।

ਮਿਸ਼ਰਾਨੀ ਜੀ ਉਪਰ ਲਾਨਤ ਮੁਲਾਮਤ ਦੀ ਵਰਖਾਂ ਲਗੀ ਹੋਣ ਕਿਉਂ ਜੋ ਉਸ ਨੇ ਸਲੂਣੇ ਵਾਲਾ ਪਤੀਲਾਂ ਹਥੋਂ ਸੁਟ ਦਿਤਾ ਸੀ।

ਇਕ ਟੈਹਲਨ ਨੇ ਕਿਹਾ ਕਿ ਅਜ ਤਾਂ ਵਡੀ ਹਾਸੇ ਵਾਲੀ ਗਲ ਹੋਈ ਹੈ ਮੈਂ ਪੁਛਿਆ ਕੀ ਹੋਇਆ ਓਹ ਬੋਲੀ ਕਿ ਮਸ਼ਰਾਨੀ ਵਡੇ ਸਰਦਾਰ ਜੀ ਨੂੰ ਭਾਜੀ ਦੇਣ ਗਈ ਸੀ, ਉਨਾਂ ਨੇ ਕਿਤੇ ਹੂੰ ਕੈਹ ਦਿਤਾ ਮਸ਼ਰਾਨੀ ਦੇ ਹਥੋਂ ਡਰ ਨਾਲ ਪਤੀਲਾ ਡਿਗ ਪਿਆ।

ਛੋਟੇ ਸਰਦਾਰ ਗਜਿੰਦਰ ਸਿੰਘ, ਨੇ ਕਿਹਾ ਹੈ, ਕਿ ਜਾਉ ਬਸੰਤ ਕੋਰ ਨੂੰ ਭੇਜ ਦਿਓ।

ਰਤਨ ਕੋਰ ਦੀ ਸਸ ਤਾਂ ਅਜ ਘਰ ਹੀ ਨਹੀਂ ਸੀ, ਮਨੇ ਕੌਨ ਕਰਦਾਮਾਲਕਦੇ ਹੁਕਮ ਨੂੰ ਰਦਕਰਨ ਵਾਲਾ ਕੌਣ, ਮੈਂ ਮਿਸ਼ਰਾਨੀ ਨੂੰ ਬਹੁਤ ਸਮਝਾਇਆ, ਕਿ ਤੂੰ ਹੀ ਜਾਕੇ ਜੋ ਮੰਗਦੇਹਨਦੇਆਪਰਜ਼ਰਾਹੋਸ਼ਨਾਲਤੇਸਹਿਜਕੇ ਕੰਮ ਕਰੀਂ ਪਰ ਓਹ ਨਾ ਹੀ ਮੰਨੀ। ਲਾਚਾਰ ਮੈਨੂੰ ਹੀ ਜਾਨਾ ਪਿਆ, ਮੈਂ ਘੂੰਡ ਕੱਢਕੇ ਗਈ, ਮੈਂ ਤਾਂ ਇਹ ਸਮਝਦੀ ਸਾਂ, ਕਿ ਮੈਂ ਹੀ ਵਡੀ ਅਕਲ ਵਾਲੀ ਹਾਂ, ਪਰ ਰਤਨ ਕੌਰ ਤਾਂ ਵਧ ਅਕਲ ਵਾਲੀ ਨਿਕਲੀ ਮਲੂਮ ਹੋਇਆ ਕਿ ਉਹ ਤਾਂ ਮੈਨੂੰ ਵੇਚਕੇ ਭੀ ਖਾ ਆਵੇ।

ਮੈਂ ਦੇਖਿਆ ਪਰੋਹਨਾ ਜਿਸ ਦੀ ਅਜ ਰੋਟੀ ਸੀ, ਉਹ ਤੀਹਾਂ ਵਰਿਆਂ ਦਾ ਜਵਾਨ ਸੋਹਣਾ ਆਦਮੀ ਹੈ ਮੈਂ ਕੋਈ ਜਾਨ ਬੁਝਕੇ ਨਹੀਂ ਕੀਤਾ, ਪਰ ਕੁਦਰਤੀ ਮੇਰੇ ਮੂੰਹ ਤੋਂ ਕਪੜਾ ਉਚਾ ਹੋਗਿਆ, ਮੈਂ ਉਨਾਂ ਨੂੰ ਦੇਖ ਲਿਆ ਤੇ ਉਨਾਂ ਨੇ ਮੈਨੂੰ ਦੇਖ ਲਿਆ।

ਅਫਸੋਸ ਕਿ ਮੈਂ ਸੁਹਾਗਨ ਹੁੰਦੀ ਹੋਈ ਭੀ ਰੰਡੀ ਦੀ ਤਰਾਂ ਬਨੀ ਹੋਈ ਸਾਂ।

ਬੇਸ਼ਕ ਮੈਂ ਵਿਆਹ ਵਿਚ ਨਿਰਾ ਇਕੋ ਵਾਰੀ ਹੀ

ਆਪਣੇ ਪਰਾਨ ਪਤੀ ਜੀ ਨੂ ਦੇਖਿਆ ਸੀ ਜਵਾਨੀ ਦੀ ਲੈਹਰ ਦਿਲ ਵਿਚ ਹੀ ਰਹਿ ਗਈ, ਸ਼ਰਮ ਨੇ ਭੀ ਦਿਲ ਦੇ ਲੁਕਵੇਂ ਭੇਤ ਨੂੰ ਬਾਹਰ ਦੀ ਹਵਾ ਖੁਵਾ ਹੀ ਦਿਤੀ ਮੈਂ ਤੀਵੀਂ ਦੀ ਜਾਤ ਉਪਰ ਲਗੀ ਲਾਨਤਾ ਦੇਨ।

ਮੈਂ ਰਸੋਈ ਘਰ ਵਿਚ ਆਕੇ ਲਗੀ, ਸੋਚਨ ਤੇ ਇਕ ਟਕ ਉਨਾਂ ਵਲ ਦੇਖਦੀ ਰਹੀ, ਆਖਰ ਦਿਲ ਵਿਚੋਂ ਇਹੋ ਅਵਾਜ਼ ਆਈ ਕਿ ਪਛਾਨ ਗਈ, ਪਛਾਨ ਗਈ ਏਹ ਤਾਂ ਮੇਰੇ ਹੀ ਪਰਾਨ ਪਤੀ ਜੀ ਹਨ।

ਪ੍ਰਸ਼ਾਦਿ ਪਰੋਸਨ ਵਾਸਤੇ ਮੈਨੂੰ ਫੇਰ ਬਲਾਇਆ ਮੈਂ ਰੋਟੀ ਲੈਕੇ ਗਈ ਮੈਨੂੰ ਉਨਾਂ ਨੇ ਭੀ ਕਿਸੇ ਤਰਾਂ ਦੇਖ ਲਿਆ, ਅਤੇ ਸਰਦਾਰ ਜੀ ਨੂੰ ਆਖਨ ਲਗੇ, ਇਹ ਤੇ ਬੜੀ ਚੰਗੀ ਰੋਟੀ ਬਨਾ ਜਾਨਦੀ ਹੈ, ਮੈਂ ਇਹੋ ਜੇਹੇ ਸੁਵਾਦੀ ਭਾਜੀਆਂ ਤੇ ਸਲੂਨੇ ਕਦੀ ਅਗੇ ਨਹੀਂ ਖਾਦੇ।

ਵਡੇ ਸਰਦਾਰ ਜੀ ਮੇਰੀ ਰਾਮ ਕਹਾਨੀ ਉਤੋਂ ਬਿਲਕੁਲ ਬੇਖਬਰ ਸਨ, ਬੋਲੇ ਹਾਂਜੀ ਇਹ ਰੋਟੀ ਚੰਗੀ ਬਨਾਨੀ ਜਾਂਨਦੀ ਹੈ।

ਪਰਹੁਨਾ-ਵਡੀ ਗਲ ਤਾਂ ਇਹ ਹੈ, ਕਿ ਇਸ ਰਸੋਈ ਵਿਚ ਦੋ ਤਿੰਨ ਭਾਜੀਆਂ ਇਹੋ ਜਹੀਆਂ ਹਨ, ਜੇਹੜੀਆਂ ਨਿਰਾ ਸਾਡੇ ਪਿੰਡਾਂ ਵਿਚ ਬਨਦੀਆਂ ਹਨ।

ਇਨਾਂ ਸੁਨਦਿਆ ਹੀ ਦਿਲ ਵਿਚ ਖੁੜਕਨ ਲਗ ਪਈ ਕਿ ਇਹੋ ਹੀ ਮੇਰੇ ਪਰਾਨ ਪਤੀ ਜੀ ਹਨ।

ਵਡੇ ਸਰਦਾਰ ਜੀ, ਜੀ ਹਾਂ ਇਹ ਠੀਕ ਹੈ।

ਪਰਾਹੁਨੇ ਨੇ ਮੇਰੀ ਵਲ ਵੇਖਕੇ ਪੁਛਿਆ, ਕਿ ਤੁਸੀਂ ਕਿਥੋਂ ਦੇ ਰਹਿਨ ਵਾਲੇ ਹੋ।

ਮੈਂ ਬੋਲਨਾ ਤਾਂ ਨਹੀਂ ਚਾਹੁੰਦੀ ਸਾਂ, ਪਰ ਕੁਝ ਸੋਚਕੇ ਬੋਲਨ ਦੀ ਨੀਤ ਕਰ ਲਈ, ਇਹ ਸੱਲ ਨਿਰਾ ਉਹ ਹੀ ਜਾਣਦੇ ਹਨ ਜੋ ਆਪਨੇ ਪਰਾਨ ਪਤੀ ਕੋਲੋਂ, ਜਾਂ ਪਰਾਨਪਤੀ ਪਤਨੀ ਕੋਲੋਂ ਵਿਛੜੇ ਹੋਣ, ਦੂਸਰਾ ਕੀ ਜਾਨਦਾ ਹੈ, ਮੈਂ ਦਬੀ ਹੋਈ ਜ਼ਬਾਨ ਨਾਲ ਕੈਹ ਦਿਤਾ, ਕਿ ਕਾਲਾ ਦੇਗੀ ਵਿਚ ਇੰਨਾ ਕੈਹਨਾ ਹੀ ਸੀ ਕਿ ਉਹ ਅੱਬੜ ਵਾਹੇ ਬੋਲ ਉਠੇ, ਕਾਲਾ ਦੇਗੀ ਡਾਕੇ ਮਾਰਨ ਵਾਲੀ ਜਗਾ।

ਮੈਂ—ਜੀ ਹਾਂ।

ਫੇਰ ਮੈਂ ਚੁਪ ਹੋ ਰਹੀ ਤੇ ਕੁਛ ਚਿਰ ਕਟੋਰਦਾਨ ਹਥ ਵਿਚ ਫੜੀ ਖੜੋਤੀ ਰਹੀ, ਹੋਰ ਚੀਜਾਂ ਲਿਆਉਣੀਆਂ ਸਬ ਭੁਲ ਗਈਆਂ ਸਨ। ਯਾਦ ਆਂਵਦਿਆਂ ਹੀ ਝੱਟ ਮੁੜ ਗਈ ਤੇ ਸਭ ਕੁਛ ਫੇਰ ਥਾਲੀ ਵਿਚ ਬੀੜ ਦਿਤਾ, ਮੈਂ ਬੜੇ ਧਿਆਨ ਨਾਲ ਪ੍ਰਾਹੁਨੇ ਵਲ ਵੇਖਿਆ ਤਾਂ ਝਟ ਪਛਾਨ ਗਈ ਕਿ ਉਹ ਕੁਛ ਰੋਟੀ ਚੰਗੀ ਤਰਾਂ ਨਹੀਂ ਖਾ ਰਹੇ ਵਡੇ ਸ੍ਰਦਾਰ ਜੀ, ਕਿਉਂ ਜੀ ਆਪ ਰੋਟੀ ਕਿਉਂ ਨਹੀਂ ਖਾਂਦੇ।

ਕਿੰਨੇ ਚਿਰ ਪਿਛੋਂ ਅਜ ਥੋੜੀ ਜੇਹੀ ਖਸ਼ੀ ਨਸੀਬ ਹੋਈ ਸੀ ਕਿ ਭਾਂਡਾ ਜ਼ਰਾ ਜ਼ੋਰ ਨਾਲ ਹਥੋਂ ਰਖਿਆ ਗਇਆ ਝਟ ਅਵਾਜ਼ ਆਈ, ਕੀ ਡਿਗਾ? ਮੈਂ ਹੈਰਾਨ ਖੜੀ ਰੈਹਗਈ।

—o—

੧੨

## ਮਿਸ਼ਰਾਨੀ ਦਾ ਹਾਸਾ ਬੰਦ

ਅਜ ਕਲ ਦੇ ਦਿਨਾਂ ਵਿਚ ਮੈਨੂੰ ਹਰ ਘੜੀ ਆਪਨੇ ਪਰਾਨ ਪਤੀ ਜੀ ਦੇ ਨਾਮ ਦੇ ਲੈਨ ਦੀ ਜ਼ਰੂਰਤ ਪੈਂਦੀ ਸੀ,

ਹੇ ਇਸ ਰਾਮ ਕਹਾਨੀ ਦੇ ਪੜ੍ਹਨ ਵਾਲਿਓ ਜੇਕਰ ਤੁਹਾਡੇ ਵਿਚੋਂ ਕੋਈ ਤੀਵੀਂ ਹੈ, ਤਾਂ ਮੈਨੂੰ ਦਸੇ ਕਿ ਕਿਸ ਨਾਮ ਨਾਲ ਮੈਂ ਉਨਾਂ ਨੂੰ ਯਾਦ ਕਰਾਂ, ਕੀ ਮੈਂ ਨਾਂ ਲਵਾਂ, ਯਾਂ ਸੁਵਾਮੀ ਜੀ ਕਹਾਂ ਯਾਂ ਪਤੀ ਜੀ ਕਹਾਂ ਕਿਉਂਕਿ ਹਿੰਦੁਸਤਾਨੀਤ ਵ.ਆਂ ਤਾਂ ਆਪਨੇ ਪਤੀ ਜੀ ਦਾ ਨਾਂ ਨਹੀਂ ਲੈਂਦੀਆਂ ਮੇਰੀ ਇਕ ਸਹੇਲੀ ਅਪਨੇ ਪਤੀ ਜੀ ਨੂੰ ਬਾਬੂ ਜੀ ਕੈਂਹਦੀ ਹੁੰਦੀ ਸੀ ਪਰ ਬਾਬੂ ਲਫਜ਼ ਕੁਝ ਮਿਠਾਸ ਵਾਲਾ ਨਹੀਂ ਹੈ ।

ਮੈਂ ਭਾਡੇ ਹੇਠਾਂ ਰਖਕੇ ਦਿਲ ਵਿਚ ਗਲਾਂ ਕਰਨ ਲਗੀ, ਕਿ ਜੋਅਕਾਲ ਪੁਰਖ ਨੇ ਗੁਵਾਚੀ ਹੋਈ ਜੋਖੋਂ ਲੁਭਾਈ ਹੈ ਤਾਂ ਫਿਰ ਕਿਤੇ ਹਥੋਂ ਨਾ ਚਲੀ ਜਾਵੇ, ਹੁਣ ਬਾਲੜੀਆਂ ਵਾਂਗੂ ਸ਼ਰਮ ਹਯਾ ਤੋਂ ਕੰਮ ਲੈਣਾ ਠੀਕ ਨਹੀਂ ਜੇ ਮੈਂ ਐਸਾ ਕੰਮ ਕਰਾਂਗੀ ਤਾਂ ਕੰਮ ਬਨਿਆ ਬਨਾਇਆ ਵਿਗੜ ਜਾਵੇਗਾ।

ਮੈਂ ਇਹ ਸੋਚਾਂ ਕਰਦੀ ਉਥੇ ਹੀ ਖੜੋ ਗਈ, ਤਾਂ ਜੋ ਮੈਨੂ ਉਹ ਇਕ ਨਜ਼ਰ ਫੇਰ ਵੇਖ ਲੈਣ, ਤੀਹਾਂ ਵਰਿਹਾਂ ਦੀ ਉਮਰ ਹੋ ਗਈ ਹੈ ਪਰ ਮੈਨੂ ਮਰਦਾਂ ਦੀਆਂ ਹਾਲਤਾਂ ਦਾ ਅਜੇ ਪਤਾ ਹੀ ਨਹੀਂ, ਮੈਂ ਸਾਫ ਕੈਹ ਰਹੀ ਹਾਂ, ਮੈਨੂੰ ਖਿਮਾਂ ਕਰਨਾ, ਮੈਂ ਘੁੰਡ ਚੁਕ ਲਿਆ ਤੇ ਖੜੋ ਗਈ, ਜੋ ਮੇਰੀ ਉਸ ਵੇਲੇ ਦਸ਼ਾ ਸੀ ਕੀ ਕੋਈ ਸਮਝ ਸਕਦਾ ਹੈ, ਸਿਵਾਏ ਉਸ ਅਕਾਲ ਪੁਰਖ ਦੇ ਹੋਰ ਕੋਈ ਭੀ ਨਹੀਂ ਜਾਨਦਾ ਸੀ।

ਅਗੇ ਅਗੇ ਤਾਂ ਸਰਦਾਰ ਗਜਿੰਦਰ ਸਿੰਘ ਜੀ ਸਨ ਤੇ ਪਿਛੇ ਪਿਛੇ ਮੇਰੇ ਪਰਾਨ ਪਤੀ ਜੀ ਮੇਰੀ ਵਲ ਵੇਖਦੇ ੨ ਜਾ ਰਹੇ ਸਨ, ਮੇਰੇ ਪਰਾਨ ਪਤੀ ਜੀ ਦੀ ਨਜ਼ਰ ਕਿਸੇ ਨੂ

ਢੂੰਡਦੀ ਹੋਈ ਪਤਾ-ਲਭਦੀ ਹੈ, ਕੀ ਪਤਾ ਹੈ, ਕਿ ਮੈਨੂ ਹੀ ਲਭ ਦੀ ਹੋਵੇ, ਤੇ ਮੈਂ ਹੀ ਉਨਾਂ ਦੀਆਂ ਅਖਾਂ ਵਿਚ ਵਸ ਗਈ ਹੋਵਾਂ, ਸਪ ਨੇ ਆਪਨੀ ਫਨ ਚੁਕਕੇ ਉਨਾਂ ਨੂ ਜਖਮੀ ਕਰ ਦਿਤਾ ਹੈ, ਉਹ ਸਪ ਕੀ ਹੈ ? ਉਹ ਮੇਰੀ ਹੀ ਨਜਰ ਸੀ, ਮੇਰੇ ਪਰਾਨ ਪਤੀ ਜੀ ਜਾਨ ਨੂ ਤਾਂ ਚਲੇ ਗਏ, ਪਰ ਦਿਲ ਦੋਹਾਂ ਦਾ ਆਪੋ ਵਿਚ ਵਟਿਆ ਗਿਆ।

ਹੁਣ ਮੈਨੂ ਮਿਸ਼ਰਾਨੀ ਦਾ ਅਸਰਾ ਲੈਣਾ ਪਿਆ, ਮੈਂ ਉਸ ਨੂੰ ਬੁਲਾਇਆ ਓਹ ਬੜੀ ਹਸਦੀ ਹਸਦੀ ਆਈ, ਤੇ ਆਉਂਦਿਆਂ ਹੀ ਬੋਲੀ ਕਿ ਅਜ ਤਾਂ ਮਿਸ਼ਰਾਨੀ ਦੀ ਬੜੀ ਦੁਰਗਤ ਕਰਾਈ ਹੈ, ਇਹ ਆਖ ਹਸਦੀ ੨ ਲੋਟਨ ਪੋਟਨ ਹੁੰਦੀ ਜਾਵੇ, ਜਿਵੇਂ ਲੋਟਨ ਕਬੂਤਰ ਆਪਨੀ ਗਰਦਨ ਤੇ ਪਿਠ ਨੂ ਇਕ ਕਰਦਾ ਹੈ ਉਸ ਤਰਾਂ ਹੀ ਮਿਸ਼ਰਾਨੀ ਦਾ ਲਕ ਇਨਾਂ ਨਿਉਂਦਾ ਸੀ, ਕਿ ਮਾਨੋਂ ਕਬੂਤਰ ਦੀ ਤਰਾਂ ਹੀ ਇਹ ਭੀ ਖੇਡ ਕਰਦੀ ਹੈ।

ਮੈਂ ਤਾਂ ਜਾਨਦੀ ਹਾਂ ਪਰ ਇਸ ਵੇਲੇ ਤਾਂ ਮੈਂ ਤੈਨੂੰ ਇਕ ਹੋਰ ਜਰੂਰੀ ਕੰਮ ਵਾਸਤੇ ਬੁਲਾਇਆ ਹੈ, ਤੁਸੀਂ ਮੇਰਾ ਇਕ ਕੰਮ ਪੂਰਾ ਕਰ ਦੇਵੋ, ਤ ਮੈਂ ਤੁਹਾਡੀ ਸਾਰੀ ਉਮਰ ਤਕ ਐਹਸਾਨ ਮੰਦ ਰਹਵਾਂਗੀ।

ਮਿਸ਼ਰਾਨੀ-ਕੀ ਕੰਮ ਹੈ ?

ਮੈਂ-ਜ਼ਰਾ ਮੈਨੂੰ ਇਨ੍ਹਾਂ ਪਤਾ ਲਿਆ ਦਿਓ ਕਿ ਨਵੇਂ ਪ੍ਰਾਹੁਣੇ ਕਦ ਜ਼ਾਣਗੇ।

ਮਿਸਰਾਨੀ ਦਾ ਹਾਸਾ ਬੰਦ ਹੋਗਿਆ ਹੁਨੇ ਉਹ ਹਾਸਾ ਅਗ ਦੀਆਂ ਲਾਂਟਾਂ ਵਿਚ ਬਦਲ ਗਿਆ ਤੇ ਜੋਸ਼ ਵਿਚ ਆਖਨ ਲਗੀ ਛੀ ਛੀ ਛੀ ਮੈਨੂੰ ਏਹ ਪਤਾ ਨਹੀਂ ਸੀ ਕਿ

ਤੈਨੂੰ ਇਹ ਬੀਮਾਰੀ ਹੈ।

ਮੇਰਾ ਹਾਸਾ ਨਿਕਲ ਆਇਆ ਤੇ ਬੋਲੀ ਕਿ ਤੂੰ ਹੁਨ ਬੁਢੀ ਹੋ ਜਾਣ ਕਰਕੇ ਏਹ ਆਖਦੀ ਹੈਂ ਜਾ ਮੇਰਾ ਕੰਮ ਕਰ ਅਗੇ ਤੇਰੀ ਉਮਰ ਭਰ ਐਹਸਾਨ ਮੰਦ ਰਵਾਂਗੀ।

ਮਿਸਰਾਨੀ ਮੇਰੇ ਪਾਸੋਂ ਏਹੋ ਜੇਹਾ ਕੰਮ ਤਾਂ ਨਹੀਂ ਹੋ ਸਕਦਾਂ ਏਹ ਤਾਂ ਮੈਨੂੰ ਪਤਾ ਹੀ ਸੀ ਕੇ ਮਿਸ਼ਰਾਨੀ ਬਹੁਤ ਲਾਲਚਨ ਹੈ ਇਸ ਖਿਆਲ ਨਾਲ ਮੈਂ ਉਸਨੂੰ ਪੰਜ ਰੁਪੈ ਦਿਤੇ। ਉਸਨੇ ਉਹ ਰੁਪੈ ਜਮੀਨ ਉਪਰ ਰਖ ਦਿਤੇ ਤੇ ਬੋਲੀ ਮੈਂ ਇਨਾਂ ਰੁਪਿਆਂ ਨੂੰ ਤਾਂ ਵਗਾਕੇ ਮਾਰਦੀ ਪਰ ਇਹ ਖਿਆਲ ਆਇਆ ਕਿ ਇਨ੍ਹਾਂ ਦੀ ਅਵਾਜ ਨਾਲ ਹੋਰਨਾ ਨੂੰ ਵੀ ਪਤਾ ਲਗ ਜਾਵੇਗਾ ਹੁਨ ਤੂੰ ਏਹ ਮੈਨੂੰ ਜੋ ਕੁਛ ਆਖਿਆ ਹੈ ਸੋ ਤਾਂ ਆਖਿਆਈ ਹੈ ਪਰ ਫੇਰ ਨ ਆਖੀਂ

ਹੁਨ ਮੇਰੀਆਂ ਅਖਾਂ ਵਿਚ ਅਥਰੂ ਆ ਗਏ, ਨਿਰੀ ਇਕ ਇਹੋ ਹੀ ਇਤਬਾਰ ਵਾਲੀ ਤੀਵੀਂ ਸੀ ਇਸਨੇ ਹੀ ਜੁਵਾਬ ਦੇ ਦਿਤਾ ਤੇ ਐਨੀ ਰੁਖੀ ਬਣ ਗਈ। ਅਸਲ ਭੇਦ ਤੋਂ ਤਾਂ ਮਿਸਰਾਨੀ ਵਾਕਫ ਨਹੀਂ ਸੀਂ ਬੋਲੀ ਕਿ ਕਿਉਂ ਰੋਂਦੀ ਕਿਤੇ ਇਹੋ ਪ੍ਰਾਹੁਨੇ ਹੀ ਤਾਂ ਆਪਦੇ ਪਤੀ ਜੀ ਨਹੀਂ ਹਨ ਮੈਂ ਸੋਚਿਆ ਕਿ ਕਿਉਂ ਇਸਨੂੰ ਆਪਨਾ ਭੇਦ ਨ ਦਸ ਦਿਆਂ ਮੈਂ ਤਾਂ ਇਸ ਕੋਲੋਂ ਆਪਨਾ ਕੰਮ ਕਢਨਾ ਹੈ ਪਰ ਏਹ ਵੀ ਗ਼ਲ ਹੈ। ਕਿ ਸ਼ਾਇਦ ਇਸਨੂੰ ਯਕੀਨ ਆਏ ਜਾ ਨਾ ਆਏ ਕਿ ਸਵਾਏ ਰਤਨ ਕੌਰ ਦੇ ਹੋਰ ਕਿਤੇ ਭੀ ਮੇਰੀ ਦਾਲ ਨਹੀਂ ਗਲਨੀ ਕਿਉਂਕਿ ਇਸ ਵੇਲੇ ਤਾਂ ਉਹੋ ਹੀ ਮੇਰੀ ਹਮਦਰਦਹੈ ਓਹੋ ਹੀ ਮੇਰੀ ਰਖਯਕਹੈ ਓਹੋਹੀ ਮੇਰੀ ਪਿਆਰੀ ਹੈ ਪਰ ਮੈਂ ਉਸਨੂੰ ਏਹ ਦਸ ਹੀ ਦਿਤਾ ਹੈ ਕਿ

ਮੈਂ ਉਨਾਂ ਨੂੰ ਪਛਾਨਦੀ ਹਾਂ।

ਫੇਰ ਏਹ ਖਿਆਲ ਆਇਆ ਕਿ ਮੇਰੇ ਵਾਸਤੇ ਤਾਂ ਬੁਰਾਈ ਹੈ ਨਹ: ਕਿਉਂਕਿ ਮੇਰੇ ਤਾਂ ਪ੍ਰਾਨ ਪਤੀ ਜੀ ਹੀ ਹਨ ਪਰ ਮਿਸ਼ਰਾਨੀ ਤਾਂ ਇਸ ਨੂੰ ਪ ਪ ਹੀ ਸਮਝਦੀ ਹੈ, ਇਸ ਕਰਕੇ ਮੈਂ ਇਸਨੂੰ ਕਿਉਂ ਕੋਈ ਗਲ ਇਸ ਕਿਸਮ ਦੀ ਕਰਾਂ।

ਮਿਸ਼ਰਾਨੀ—ਕੀ ਤੂੰ ਉਨਾਂ ਨਾਲ ਮਿਲਨਾ ਚਾਹੁੰਦੀਹੈਂ।

ਮੈਂ—ਹਾਂ ਜੀ।

ਮਿਸ਼ਰਾਨੀ-ਕਦੋਂ।

ਮੈਂ—ਰਾਤ ਨੂੰ ਜਦੋਂ ਸਾਰੇ ਸੌਂ ਜਾਨਗੇ।

ਮਿਸ਼ਰਾਨੀ—ਕਲੀ।

ਮੈਂ—ਹਾਂ ਕਲੀ।

ਮਿਸ਼ਰਾਨੀ—ਵਿਗੜ ਗਈ ਤੇ ਬੋਲੀ ਕਿ ਇਹੋ ਜੇਹਾ ਕੰਮ ਤਾਂ ਮੇਰੇ ਕਿਸ ਵਡੇ ਪਾਸੋਂ ਭੀ ਨਹੀਂ ਹੋਵੇਗਾ।

ਮੈਂ—ਬੋਲੀ ਜੇ ਸਰਦਾਰਨੀ ਸਾਹਿਬ ਹੁਕਮ ਦੇਨ ਤਾਂ ਫੇਰ ?

ਮਿਸ਼ਰਾਨੀ—ਕੀ ਤੂੰ ਪਾਗਲ ਹੋਗਈ ਹੈਂ, ਉਹ ਕਦੀ ਭੀ ਏਹੋ ਜੇਹਾ ਕੰਮ ਨਹੀਂ ਕਰਦੀ, ਉਹ ਤਾਂ ਇਕ ਵਡੇ ਘਰਾਣੇ ਵਿਚੋਂ ਹੈ।

ਮੈਂ—ਜੇ ਕੈਹ ਦੇਣ ਤਾਂ ?

ਮਿਸ਼ਰਾਨੀ—ਉਸ ਵੇਲੇ ਤਾਂ ਬਗੈਰ ਕਿਸੇ ਗਲ ਬਾਤ ਚਲੀ ਜਾਵਾਂਗੀ।

ਮੈਂ—ਅੱਖਾਂ ਪੂੰਝ ਰਤਨ ਕੌਰ ਦੇ ਕਮਰੇ ਵਿਚ ਗਈ, ਉਹ ਮੈਨੂੰ ਦੇਖਕੇ ਖੁਸ਼ ਹੋਗਈ, ਜਿਸਤਰਾਂ ਦਿਨ ਚੜਦੇ ਹੀ ਸੂਰਜ ਮੁਖੀ ਫੁਲ ਆਪਨਾ ਮੂੰਹ ਉਸਸੂਰਜਦੀਆਂਪਿਆਰੀਆਂ

ਕਿਰਨਾਂ ਵਲ ਮੋੜ ਲੈਂਦਾ ਹੈ, ਉਸੇ ਤਰਾਂ ਉਹ ਖੁਸ਼ ਹੋ, ਤੇ ਮੁਸ਼ਕਰਾਉਂਦੀ ਹੋਈ ਬੋਲੀ ਪਛਾਨ ਲਿਆ ਕਿ ਨਹੀਂ?

ਇੰਨਾਂ ਸੁਨਦੇ ਹੀ ਮੇਰਾ ਦਿਲ ਧੜਕਨ ਲਗਗਿਆ, ਤੇ ਪੈਰਾਂ ਹੇਠੋਂ ਜ਼ਮੀਨ ਖਿਸਕਨ ਲਗ ਪਈ, ਮੈਂ ਫੇਰ ਪੁਛਿਆ ਕਿ ਦਸੋ ਖਾਂ ਤੁਹਾਨੂੰ ਕਿਸਤਰਾਂ ਪਤਾ ਲਗ ਗਿਆ।

ਉਹ ਪ੍ਰੇਮ ਪੂਰਤ ਅਖਾਂ ਨਾਲ ਆਖਨ ਲਗੀ, ਮੈਂ ਭੀ ਤਾਂ ਤੇਰੀ ਤਰਾਂ ਤ੍ਰੀਮਤ ਹੀ ਹਾਂ ਮੈਂ ਨਹੀਂ ਸਮਝ ਸਕੀ, ਕਿ ਤੂੰ ਉਸਦੇ ਫੰਦੇ ਵਿਚ ਫਸ ਗਈ ਹੈਂ ?

ਵੇਖਿਆ ਅਸਾਂ ਕੀ ਜਾਲ ਤਨਿਆ ਹੈ, ਉਹ ਆਪੇ ਇਥੇ ਬੁਲਾਇਆ ਗਿਆ ਤੇ ਪ੍ਰੇਮ ਦੀ ਫਾਹੀ ਵਿਚ ਫਸਕੇ ਚਲਿਆ ਗਿਆ।

ਮੈਂ—ਕੀ ਤੁਸਾਂ ਹੀ ਏਹ ਸਾਰਾ ਕੰਮ ਕੀਤਾ ਹੈ।

ਰਤਨ ਕੌਰ—ਹੋਰ ਕਿਸ ਨੇ ਕਿਸ ਨੂੰ ਲੋੜ ਸੀ, ਤੂੰ ਆਪਨੇ ਪਿਤਾ ਜੀ ਦਾ ਤੇ ਆਪਨੇ ਪ੍ਰਾਨ ਪਤੀ ਜੀ ਤੇ ਉਨ੍ਹਾਂ ਦੇ ਪਿਤਾ ਜੀ ਦਾ ਨਾਮ ਵੀ ਦਸ ਦਿਤਾ, ਸੋ ਸਰਦਾਰ ਜੀ ਸਮਝ ਗਏ, ਆਪ ਦੇ ਪ੍ਰਾਨ ਪਤੀ ਜੀਦਾ ਇਥੇ ਇਕ ਮੁਕਦਮਾ ਸੀ ਅਤੇ ਉਹ ਆਇਆ ਹੀ ਕਰਦੇ ਸਨ, ਤੇ ਛੋਟੇ ਸਰਦਾਰ (ਗਜਿੰਦਰ ਸਿੰਘ) ਜੀ ਉਨ੍ਹਾਂ ਦੇ ਵਕੀਲ ਸਨ, ਇਸ ਕਰਕੇ ਸਰਦਾਰ ਜੀ ਨੇ ਬਹਾਨੇ ਨਾਲ ਉਨ੍ਹਾਂ ਦੀ ਰੋਟੀ ਕੀਤੀ ਸੀ, ਤੇ ਉਹ ਆਏ ਆਉਂਦਿਆਂ ਗਲ ਵਿਚ ਫਾਹੀ ਪੈ ਗਈ।

ਮੇਰਾ ਹਾਸਾ ਨਿਕਲ ਗਿਆ, ਜਿਸ ਤੇ ਮਿਸ਼ਰਾਨੀ ਦੇ ਵੀ ਕੰਨ ਖੁਲ ਗਏ ਕਿਉਂ ਜੋ ਉਹ ਉਨ੍ਹਾਂ ਦੀਆ ਗਲਾਂ ਸੁਨ ਚੁਕੀ ਸੀ।

ਰਤਨ ਕੌਰ—ਵੇਖੀ ਚਾਲ।

ਮੈਂ–ਤੁਸਾਂ ਜ਼ਰੂਰ ਮੇਰੇ ਪਤੀ ਜੀ ਨੂੰ ਮੇਰਾ ਕੁਝ ਹਾਲ ਦਸਿਆ ਹੋਊ।

ਰਤਨ ਕੌਰ–(ਜ਼ਰਾ ਮੁਸਕਰਾਈ) ਤੁਹਾਡੀ ਅਕਲ ਵਿਚ ਤਾਂ ਪਥਰ ਪਏ ਹੋਏ ਹਨ ਭਲਾ ਅਸੀਂ ਅਜਿਹਾ ਕਦ ਕਰ ਸਕਦੇ ਸਾਂ, ਜੇ ਅਸੀਂ ਹੀ ਇਸਨੂੰ ਦਸਦੇ ਕਿ ਤੁਹਾਡੀ ਪਿਆਰੀ ਪਤਨੀ ਸਾਡੇ ਪਾਸ ਹੈ, ਤਾਂ ਪਤਾ ਨਹੀਂ ਜੋ ਉਹ ਕੀ ਖਿਆਲ ਕਰਦੇ ਉਹ ਇਹ ਤਾਂ ਜਾਨਦੇ ਹਨ, ਕਿ ਤੂੰ ਡਾਕੂਆਂ ਦੇ ਹਥੋਂ ਲੁਟੀ ਗਈ ਤੇ ਪਤਾ ਨਹੀਂ ਜੋ ਉਨ੍ਹਾਂ ਨੇ ਤੇਰਾ ਕੀ ਹਾਲ ਕੀਤਾ, ਸਰਦਾਰ ਜੀ ਦੀ ਏਹ ਮਰਜ਼ੀ ਹੈ, ਕਿ ਹੁਨ ਅਗੇ ਜੋ ਵੀ ਚਾਹੋ ਤੁਸੀਂ ਆਪ ਕਰੋ।

ਮੈਂ–ਚੰਗਾ! ਜੋ ਮੇਰੀ ਕਿਸਮਤ ਵਿਚ ਹੈ ਉਹ ਤਾਂ ਜ਼ਰੂਰ ਹੀ ਹੋਨਾ ਹੈ, ਪਰ ਮੈਂ ਆਪਨੀ ਵਲੋਂ ਪੂਰੀ ਕੋਸ਼ਿਸ਼ ਕਰਾਂਗੀ ਪਰ ਜਦ ਤਕ ਮਿਲਾਂਗੀ ਨਾਂ ਤਦ ਤਕ ਤਾਂ ਕੁਝ ਹੋਨਾ ਵੀ ਨਹੀਂ।

ਰਤਨ ਕੌਰ–ਕਦੋਂ ਮਿਲਨਾ ਚਾਹੁੰਦੀ ਹੋ।

ਮੈਂ ਉਤਰ ਦਿਤਾ, ਜਦ ਤੁਸੀਂ ਇਥੋਂ ਤਕ ਮੇਰੀ ਮਦਦ ਕੀਤੀ ਹੈ ਤਾਂ ਥੋੜੀ ਜੇਹੀ ਹੋਰ ਭੀ ਕਰੋ ਮੈਨੂੰ ਸਲਾਹ ਦੇਵੋ ਕਿ ਮੈਂ ਉਨ੍ਹਾਂ ਦੇ ਡੇਰੇ ਜਾਵਾਂ ਜੇ ਜਾਵਾਂ ਤਾਂ ਮੇਰੇ ਨਾਲ ਕੌਨ ਜਾਵੇਗਾ।

ਕੌਨ ਲੈ ਜਾਵੇਗਾ, ਕਿਸ ਤਰਾਂ ਮਿਲਾਪ ਹੋਵੇਗਾ, ਉਨ੍ਹਾਂ ਦੇ ਡੇਰੇ ਜਾਨਾ ਚਾਹੀਦਾ ਹੈ ਕਿ ਨਹੀਂ, ਤੇ ਉਥੇ ਮਿਲਾਪ ਕਰਨਾ ਹੈ ਕਿ ਨਹੀਂ।

ਰਤਨ ਕੌਰ–ਮਿਲਨ ਦੀ ਮਨਸ਼ਾ ਕਦੋਂ ਹੈ।

ਮੈਂ–ਅਜ ਰਾਤ ਨੂੰ ਜਦੋਂ ਸਾਰੇ ਸੌਂ ਜਾਨਗੇ।

ਰਤਨ ਕੌਰ–(ਬੁਲਾਂ ਵਿਚ ਹੀ ਹਸੀ ਤੇ ਬੋਲੀ) ਚੰਗਾ ਚੰਗਾ।

ਮੈਂ–ਆਖ਼ਰ ਉਹ ਹੈਨ ਤਾਂ ਮੇਰੇ ਪ੍ਰਾਨ ਪਤੀ ਜੀ ਹੀ ਇਸ ਵਿਚ ਤਾਂ ਕੋਈ ਐਬ ਨਹੀਂ ਮੈਂ ਜੋ ਭਾਹਾਂ ਕ ,ਾਂ ਧਰਮ ਵੀ ਆਪਨੇ ਪਤੀ ਨਾਲ ਜੋ ਜੀ ਚਾਹੇ ਕਰਨ ਦੀ ਆਗਿਆ ਦਿੰਦਾ ਹੈ ਵਡੇ ੨ ਗੁਨੀ ਗਿਆਨੀ ਭੀ ਪਤੀਬ੍ਰਤ ਰੈਹਨ ਵਾਸਤੇ ਵਡੇ ੨ ਪੋਥੇ ਤੇ ਲੇਖ ਲਿਖਦੇ ਹਨ, ਇਸ ਲਈ ਮੈਂ ਇਸ ਵਿਚ ਕੋਈ ਦੋਸ਼ ਨਹੀਂ ਸਮਝਦੀ।

ਰਤਨ ਕੌਰ–ਜੇ ਤੁਹਾਡੀ ਮਰਜ਼ੀ ਇਸ ਤਰਾਂ ... ਕੰਮ ਕੱਢਨ ਦੀ ਹੈ ਤਾਂ ਮੈਨੂੰ ਜ਼ਰਾ ਆਗਿਆ ਬਖਸ਼ੋ ਮੈਂ ਸਰਦਾਰ ਜੀ ਦੀ ਸਲਾਹ ਲੈ ਲਵਾਂ।

ਏਹ ਗਲ ਕੈਹਕੇ ਉਸ ਨੇ ਸਰਦਾਰ ਹੋਰਾਂ ਨੂੰ ਬੁਲਾ ਭੇਜਿਆ ਉਹ ਥੋੜੇ ਚਿਰ ਪਿਛੋਂ ਹੀ ਆ ਗਏ ਰਤਨ ਕੌਰ ਤੇ ਗਜਿੰਦਰ ਸਿੰਘ ਦੋਵੇਂ ਵਖਰੇ ਕਮਰੇ ਵਿਚ ਚਲੇ ਗਏ ਕੁਝ ਚਿਰ ਗਲਾਂ ਕਰਨ ਦੇ ਪਿਛੋਂ ਸਰਦਾਰ ਜੀ ਤਾਂ ਆਪਨੀ ਬੈਠਕ ਉਪਰ ਚਲੇ ਗਏ ਤੇ ਰਤਨ ਕੌਰ ਮੇਰੇ ਪਾਸ ਆ ਗਈ ਤੇ ਆਖਨ ਲਗੀ, ਕਿ ਸਰਦਾਰ ਜੀ ਨੇ ਉਹਨਾਂ ਨੂੰ ਮਿਸਲ ਵੇਖਣ ਦੇ ਬਹਾਨੇ ਨਾਲ ਅੱਜ ਦਾ ਦਿਨ ਇਥੋਂ ਹੀ ਰਖ ਲਿਆ ਹੈ ਅਗੇ ਤੁਸੀਂ ਖੁਦ ਕਰੋ ਜੋ ਤੁਹਾਡੇ ਦਿਲ ਨੂੰ ਚੰਗੀ ਲਗੇ।

ਮੈਂ–ਉਤਰ ਦਿਤਾ ਕਿ ਆਪ ਹੁਨ ਕੋਈ ਫਿਕਰ ਮੇਰੀ ਤਰਫੋਂ ਨ ਕਰੋ, ਹੁਨ ਸਿਰਫ ਤੁਸੀਂ ਮੇਰੇ ਸਿਰ ਉਪਰ ਏਹ ਵਡਾ ਐਹਸਾਨ ਕਰੋ, ਕਿ ਅਕਾਲ ਪੁਰਖ ਦੀ ਦਰਗਾਹ ਵਿਚ ਮੇਰੇ ਦੁਖਾਂ ਦੀ ਨਵਿਰਤੀ ਲਈ ਅਰਦਾਸ ਕਰੋ ਮੈਂ ਜੇਹੜੇ ਅੱਖਾਂ ਦੇ ਤੀਰਾਂ ਨਾਲ ਉਨ੍ਹਾਂ ਤੇ ਨਿਸ਼ਾਨਾਂ ਕਰ ਚੁਕੀ ਹੀ, ਸ਼ਾਇਦ ਹੀ ਬਿਰਥੇ ਜਾਨ, ਪਰ ਮੈਨੂੰ ਤਾਂ ਉਸ ਦਿਨਾਂਹ

ਮਲੂਮ ਹੋ ਗਿਆ ਸੀ, (ਜਦੋਂ ਵਡੇ ਸਰਦਾਰ ਜੀ ਨੇ ਉਹਨਾਂ ਨੂੰ ਰੋਟੀ ਚੰਗੀ ਤਰਾਂ ਨ ਖਾਂਦੇ ਵੇਖ ਇਹ ਕਿਹਾ ਸੀ ਕਿ "ਅਜ ਕੀ ਗਲ ਹੈ ਜੋ ਤੁਸੀਂ ਰੋਟੀ ਚੰਗੀ ਤਰਾਂ ਨਹੀਂ ਖਾਂਦੇ, ਕੇ ਉਹ ਮੇਰੀਆਂ ਤਿਰਛੀਆਂ ਕਮਾਨਾਂ ਦੇ ਨਿਸ਼ਾਨੇ ਤੋਂ ਵਾਂਝੇ ਨਹੀਂ ਰਹੇ, ਉਸ ਦੇ ਪਿਛੋਂ ਜਦ ਰੋਟੀ ਖਾਕੇ ਵਾਪਸ ਜਾਂਦੇ ਸਨ, ਤਾਂ ਉਹ ਸਭ ਨਾਲੋਂ ਪਿਛੇ ਹੋਣ ਦੇ ਕਾਰਨ ਚੰਗੀ ਤਰਾਂ ਮੇਰੀ ਵਲ ਦੇਖਦੇ ਸਨ, ਉਨ੍ਹਾਂ ਦੀਆਂ ਅੱਖਾਂ ਤੇ ਚੇਹਰਾ ਏਹ ਦਸਦਾ ਸੀ ਕਿ ਉਹ ਭੀ ਉਸ ਕੁਦਰਤੀ ਮਦਦ ਨਾਲ ਮੇਰੇ ਉਪਰ ਮੋਹਤ ਹੋ ਗਏ ਹਨ ਮੈਂ ਉਸ ਅਕਾਲ ਪੁਰਖ ਦੀ ਮਦਦ ਨਾਲ ਤੇ ਆਪ ਦੀ ਕਿਰਪਾ ਨਾਲ ਇਸ ਔਖੇ ਇਮਤਹਾਨ ਵਿਚੋਂ ਪਾਸ ਹੋ ਕੇ ਨਿਕਲ ਜਾਂਵਾਗੀ

ਹੁਨ ਤੁਸੀਂ ਸਿਰਫ ਇਕ ਕੰਮ ਕਰੋ ਮੈਂ ਚਿਠੀ ਲਿਖ ਦੇਂਦੀ ਹਾਂ ਆਪ ਉਸ ਚਿਠੀ ਨੂੰ ਉਨ੍ਹਾਂ ਦੀ ਸੇਵਾ ਵਿਚ ਭਿਜਵਾ ਦੇਵੋ।

ਰਤਨ ਕੌਰ-ਕਿਸੇ ਨੌਕਰ ਦੇ ਹਥ ਭਿਜਵਾ ਦਿਤੀ ਜਾਵੇ।

ਮੈਂ-ਕਿਸੇ ਮਰਦ ਦੀ ਮਾਰਫਤ ਤਾਂ ਮੈਨੂੰ ਚਿਠੀ ਭੇਜਨੀ ਮਨਜ਼ੂਰ ਨਹੀ ਹੈ।

ਰਤਨਕੌਰ—ਕੁਛ ਸੋਚ ਕੇ ਜੇ ਮਰਦ ਹੱਥ ਨਹੀ ਤਾਂ ਤੀਵੀਂ ਦੇ ਹਥ ਹੀ ਸਹੀ।

ਮੈਂ ਐਸੀ ਇਤਬਾਰ ਵਾਲੀ ਕੇੜੀ ਤੀਵੀਂ ਹੈਂ ਅਜਿਹਾ ਨ ਹੋਵੇ ਕਿ ਕਿਤੇ ਕੋਈ ਹੋਰ ਗਲ ਹੋ ਜਾਵੇ, ਤੇ ਮੇਰੀ ਮਿਟੀ ਪਲੀਤ ਹੋ ਜਾਵੇ, ਜਿਸ ਨਾਲ ਮੈਂ ਦੋਹਾਂ ਜਹਾਨਾ ਉਤੋਂ ਹੀ ਵਾਂਝੀ ਜਾਵਾਂ।

ਰਤਨ ਕੌਰ—ਇਕ ਮਸ਼ਰਾਨੀ ਹੀ ਇਤਬਾਰ ਵਾਲੀ ਹੈ।

ਮੈਂ ਇਕ ਖਿਮਾ ਚਾਹੁੰਦੀ ਹਾਂ, ਉਹ ਏਹ ਕਿ ਮੈਂ ਪੈਹਲੇ ਆਪਦੇ ਬਗੈਰ ਪੁਛੇ ਉਸ ਨੂੰ ਕੈਹ ਚੁਕੀ ਹਾਂ, ਜਿਸ ਨਾਲ ਉਹ ਨਾਰਾਜ਼ ਹੋ ਗਈ,

ਰਤਨ ਕੌਰ—ਮੈਨੂੰ ਇਸ ਦਾ ਪਤਾ ਲਗ ਹੀ ਗਿਆ ਪਰ ਮੈਂ ਇਸ ਗਲਉਤੇ ਖੁਸ਼ ਹਾਂ ਕੇ ਤੁਹਾਨੂੰ ਭੀ ਇਨਾਂ ਗਲਾਂ ਦੀ ਕੁਜ ਸੋਝੀ ਹੈ।

ਮੈਂ—ਹੁਨ ਤਾਂ ਉਹ ਬਗੈਰ ਤੁਹਾਡੇ ਹੁਕਮ ਦੇ ਕੋਈ ਕੰਮ ਨਹੀਂ ਕਰੇਗੀ।

ਰਤਨ ਕੌਰ-ਉਹ ਕੀ ਕੈਂਹਦੀ ਹੈ।

ਮੈਂ—ਉਹ ਬਗੈਰ ਕਿਸੇ ਤੁਹਾਡੇ ਹੁਕਮ ਦੇ ਕੋਈ ਕੰਮ ਵੀ ਨਹੀਂ ਕਰਦੀ।

ਰਤਨ ਕੌਰ—ਹਛਾ ਜੇ ਇਹੋ ਹੀ ਗਲ ਹੈ ਤਾਂ ਉਸ ਨੂੰ ਕਹੋ ਕਿ ਤਰਕਾਲਾਂ ਵੇਲੇ ਮੇਰੇ ਕੋਲ ਆਵੇ।

—o—

## ੧੩

# ਇਮਤਿਹਾਨ ਦੇਨਾ ਹੋਵੇਗਾ

ਚਾਰ ਵਜ ਗਏ ਤੇ ਮੇਰੇ ਪਤੀ ਜੀ ਮਿਸਲ ਹਥ ਵਿਚ ਫੜੀ ਹੋਏ ਛੋਟੇ ਸ੍ਦਾਰ ਜੀ ਦੀ ਬੈਠਕ ਉਪਰ ਆਏਪਰ ਅਜੇ ਸਰਦਾਰ ਜੀ ਤਾਂ ਕਚੈਹਰੀਓਂ ਆਏ ਹੀ ਨਹੀ ਸਨ ਸੋ ਉਨਾਂ ਨੂੰ ਉਥੇ ਉਡੀਕ ਕਰਨੀ ਪਈ, ਮੈਂ ਇਹ ਚੰਗਾ ਸਮਾ ਸਮਝਕੇ ਚਿਠੀ ਮਿਸ਼ਰਾਨੀ ਦੇ ਹਥ ਭੇਜਨ ਦੀ ਠਾਨ ਲਈ ।

ਮਿਸ਼ਰਾਨੀ ਨੂੰ ਬੁਲਾਇਆ ਪਰ ਮਿਸ਼ਰਾਨੀ ਤਾਂ ਫੇਰ ਪੈਹਲੇ ਵਾਂਗੂ ਹੀ ਛਿਥੀ ਹੋ ਪਈ। (ਅਜੇ ਉਸ ਨੂੰ ਰਤਨਕੌਰ ਦਾ ਹੁਕਮ ਨਹੀ ਮਿਲਿਆ ਸੀ) ਅਸੀਂ ਅਜੇ ਇਹ ਗਲ਼ਾਂ ਕਰ ਹੀ ਰਹੀਆਂ ਸਾਂ ਕਿ ਰਤਨ ਕੌਰ ਵੀ ਆ ਗਈ। ਹੁਨ ਤਾਂ ਮਿਸ਼ਰਾਨੀ ਦੇ ਹਵਾਸ ਗੁੰਮ ਹੋ ਗਏ ਕਿਉਂਕਿ ਉਸ ਨੂੰ ਪਤਾ ਸੀ ਕਿ ਮੇਰੇ ਨਾਲ ਕਿਸੇ ਨੂੰ ਕੌੜੀ ਗਲ ਕਰਨ ਦਾ ਹੁਕਮ ਨਹੀਂ ਸੀ, ਉਹ ਥਰ ਥਰ ਕੰਮਨ ਲਗ ਪਈ।

ਰਤਨ ਕੌਰ—ਕੀ ਗਲ ਹੈ ?

ਮੈਂ—ਉਹੋ ਹੀ ਗਲ ਹੈ।

ਰਤਨਕੌਰ—ਆਪਨੇ ਕਮਰੇ ਵਲ ਚਲੀ ਗਈ, ਪਿਛੇ ਪਛੇ ਮਿਸ਼ਰਾਨੀ ਭੀ ਗਈ, ਕਿਉਂਕਿ ਹੁਨ ਉਸ ਨੂੰ ਮ ਰਤਨ ਕੌਰ ਦਾ ਹੁਕਮ ਦਸ ਦਿਤਾ ਸੀ ਉਹ ਥੋੜੇ ਚਿਰ ਪਿਛੋਂ ਵਾਪਸ ਹਸਦੀ ਹਸਦੀ ਆਈ।

ਮੈਂ—ਕਿਉਂ ਅਜ ਕੌਡੀਆਂ ਮੈਹਰਗੀਆਂ ਕਰਨ ਲਗੀਏਂ।

ਮਿਸ਼ਰਾਨੀ ਮੈਨੂੰ ਪਤਾ ਸੀ ਮੈਂ ਹੀ ਉਨਾਂਦੇ ਕਮਰੇ ਦੀ ਸਫਾਈ ਕਰਦੀ ਹਾਂ ਤੇ ਬੋਕਰ ਆਪਨੇ ਨਾਲ ਲੈ ਆਉਂਦੀ ਹਾਂ, ਪਰ ਅਜ ਪਤਾ ਨਹੀਂ ਉਥੇ ਬੋਕਰ ਕਿਸ ਤਰਾਂ ਰੈਹ ਗਈ ਉਹ ਤਾਂ ਬੋਕਰ ਚੁਕ ਮੇਰੇ ਪਿਛੇ ਦੌੜੀ ਤੇ ਆਹ ਵੇਖ ਮੇਰੀ ਪਿਠ ਵਿਚ ਭੀ ਮਾਰੀ ਹੈ।

ਪਿਠ ਉਪਰ ਤਾਂ ਕੋਈ ਦਾਗ ਹੈ ਈ ਨਹੀ ਸੀ ਉਹ ਤਾਂ ਨਿਰਾ ਠਠਾ ਹੀ ਕਰਦੀ ਸੀ।

ਮਿਸ਼ਰਾਨੀ ਲਿਆ ਜੋ ਕੁਛ ਕਰਨਾ ਈ ਮੈਨੂੰ ਦਸ ਮੈਂ ਕੁਤੇ ਦੀ ਤਰਾਂ ਜਾਂਵਾ ਤੇ ਬਿਲੀ ਦੀ ਤਰਾਂ ਆਵਾਂ।

ਮੈਂ—ਨਾਲੇ ਮਾਰ ਖਾਦੀ ਤੇ ਫੇਰ ਜਾਨ ਦਾ ਇਰਾਦਾਹੈ।

ਮਿਸ਼ਰਾਨੀ—ਮਾਰ ਤਾਂ ਖਾਦੀ ਹੈ, ਪਰ ਉਸਨੇ ਮੈਨੂੰ ਕੋਈ ਮਨਾ ਤਾਂ ਨਹੀ ਕੀਤ ਮੈਂ ਤਾਂ ਇਹ ਪੈਹਲੇ ਹੀ ਕੇਹ ਦਿਤਾ ਸੀ ਕਿ ਜੇ ਉਹ ਮਨਾ ਨ ਕਰੇਗੀ ਤਾਂ ਮੈਂ ਜਰੂਰ ਜਾਂਵਾਗੀ।

ਮੈਂ—ਕੀ ਮਾਰਨਾ ਮਨਾ ਕਰਨਾ ਨਹੀਂ ਹੈ।

ਮਿਸ਼ਰਾਨੀ—ਮੈਂ ਦੇਖ ਦੀ ਸਾਂ ਕਿ ਜਦੋਂ ਮੇਰੇ ਮਾਰਨ ਨੂੰ ਉਹ ਦੌੜੀ ਸੀ ਉਹ ਬੁਲ੍ਹਾਂ ਵਿਚ ਮੁਸਕਰਾਉਂਦੀ ਸੀ ਜਿਸ ਤੋਂ ਪਤਾ ਲਗਦਾ ਸੀ ਕਿ ਉਹ ਰਾਜ਼ੀ ਹੈ।

ਮੈਂ ਇਕ ਕਾਗਤ ਦਾ ਟੋਟਾ ਲੀਤਾ ਤੇ ਉਸ ਤੇ ਇਸ ਤਰਾਂ ਲਿਖਣਾ ਸ਼ੁਰੂ ਕੀਤਾ।

"ਮੈਂ ਆਪਨਾ ਤਨ ਮਨ ਆਪ ਦੀ ਸੇਵਾ ਵਿਚ ਅਰਪਨ ਕਰ ਚੁਕੀ ਹਾਂ, ਜੇ ਆਪ ਨੂੰ ਇਸ ਵਿਚ ਵਿਸਵਾਸ ਹੈ ਤਾਂ ਅਜ ਦੀ ਰਾਤ ਏਸੇ ਹੀ ਘਰ ਵਿਚ ਬਿਸਰਾਮ ਕਰੋ, ਬੂਹਾ ਘਰ ਦਾ ਖੁਲਾ ਹੀ ਰਹੇਗਾ।

ਆਪਦੀ ਦਾਸੀ—ਪਰਦੇ ਵਾਲੀ ਰਸੋਇਨ

ਲਿਖਨੇ ਨੂੰ ਤਾਂ ਮੈਂ ਲਿਖ ਲਿਆ ਪਰ ਦਿਲ ਵਿਚ ਇਹੋ ਜੇਹੇ ਖਿਆਲ ਉਪਜਨ ਲਗੇ, ਕਿ ਪਾਨੀ ਮੰਗਵਾਕੇ ਡੁਬ ਮਰਾਂ ਜਾ ਜਮੀਨ ਵੇਹਲ ਦੇਵੇ ਤਾਂ ਉਸ ਵਿਚ ਲੁਕ ਜਾਵਾਂ, ਕਰਾਂ ਤਾਂ ਕੀ ਕਰਾਂ। ਇਹੋ ਜੇਹੀ ਖਰਾਬੀ ਸ਼ਾਇਦ ਹੀ ਕਿਸੇ ਕੁਲਵੰਤੀ ਨਾਲ ਹੋਈ ਹੋਵੇਗੀ।

ਜੋ ਕੁਛ ਮੈਂ ਲਿਖਿਆ ਸੀ ਲਫਾਫੇ ਵਿਚ ਬੰਦ ਕਰਕੇ ਉਤੇ ਇਹ ਲਿਖ ਦਿਤਾ ਕਿ ਜਵਾਬ ਜਲਦੀ ਬਖਸ਼ਨ ਦੀ ਖੇਚਲ ਕਰਨੀ ਲਫਾਫਾ ਮਿਸ਼ਰਾਨੀ ਦੇ ਹਥ ਭੇਜ ਦਿਤਾ ਥੋੜੇ

ਚਿਰ ਪਿਛੋਂ ਮਿਸ਼ਰਾਨੀ ਆਈ ਤੇ ਉਸਨੇ ਆਖਿਆ ਕਿ ਓਹ ਤਾਂ ਸਰਦਾਰ ਜੀ ਦੇ ਨਾਲ ਗਲਾਂ ਕਰ ਰਹੇ ਹਨ, ਮੈਂ ਦੌੜਕੇ ਰਤਨ ਕੌਰ ਦੇ ਪਾਸ ਗਈ, ਤੇ ਉਸਨੂੰ ਆਖਿਆ ਕਿ ਸਰਦਾਰ ਜੀ ਨੂੰ ਜਰਾ ਬੁਲਾ ਲਵੇ ਤਾਂ ਜੋ ਮੈਂ ਚਿਠੀ ਭਿਜਵਾ ਦੇਵਾਂ ਉਸਨੇ ਉਸੇ ਵੇਲੇ ਸਰਦਾਰ ਜੀ ਨੂੰ ਆਪਨੇ ਪਾਸ ਬੁਲਾ ਭੇਜਿਆ ਇਤਨੇ ਵਿਚ ਮੇਰੀ ਚਿਠੀ ਜਵਾਬ ਲੈ ਆਈ ਉਸ ਵਿਚ ਇਹ ਲਿਖਿਆ ਸੀ।

"ਹਛਾ ਆਪਦਾ ਹੁਕਮ ਸਿਰ ਮਥੇ ਮੰਨ ਕੇ ਮੈਂ ਅਜ ਇਥੇ ਹੀ ਰਹਾਂਗਾ"

ਈਸ਼ਰ ਸਿੰਘ

ਜਦ ਮੈਂ ਚਿਠੀ ਪੜ੍ਹ ਚੁਕੀ ਤਾਂ ਮੇਰਾ ਦਿਲ ਖੁਸ਼ੀ ਨਾਲ ਭਰਪੂਰ ਸੀ, ਮਿਸ਼ਰਾਨੀ ਮੈਨੂੰ ਖੁਸ਼ੀ ਵਿਚ ਵੇਖ ਬੋਲੀ, ਕਿਉਂ ਜੀ ਹੁਨ ਤਾਂ ਦਸੋਂ ਕਿ ਇਹ ਪ੍ਰਾਹੁਨੇ ਕੌਨ ਹਨ, ਮੈਂ ਉਤਰ ਦਿਤਾ ਕਿ ਇਹ ਕਿਸੇ ਵੇਲੇ ਮੇਰੇ ਪ੍ਰਾਨ ਪਤੀ ਸਨ।

ਮਿਸ਼ਰਾਨੀ—ਕਿਸੇ ਵੇਲੇ ਤੋਂ ਕੀ ਮੁਰਾਦ।

ਮੈਂ—ਹਸ ਪਈ।

ਹੁਨ ਤਾਂ ਉਹ ਸਮਝ ਗਈ, ਤੇ ਆਖਨ ਲਗੀ, ਜੇ ਇਸ ਵਕਤ ਦੇ ਭੀ ਬਨ ਗਏ ਤਾਂ ਮੈਂ ਪੰਜ ਸੌ ਰੁਪਿਆ ਇਨਾਮ ਲਵਾਂਗੀ ਓਨਾਂ ਪੰਜਾਂ ਰੁਪਿਆ ਦਾ ਕੀ ਲੈਨਾ ਸੀ।

ਮੈਂ ਰਤਨ ਕੌਰ ਦੇ ਪਾਸ ਗਈ ਤੇ ਜਵਾਬ ਦਿਖਾਇਆ, ਉਹ ਚਿਠੀ ਆਈ ਹੋਈ ਦੇਖਕੇ ਵਡੀ ਮਾਂ ਜੀ ਕੋਲ ਗਏ ਤੇ ਆਖਨ ਲਗੀ ਅਜ ਬਸੰਤ ਕੌਰ ਦਾ ਜੀ ਰਾਜ਼ੀ ਨਹੀਂ ਇਸ ਕਰਕੇ ਅਜ ਰਸੋਈ ਮਿਸ਼ਰਾਨੀ ਹੀ ਕਰੇਗੀ।

ਰਸੋਈ ਮਿਸ਼ਰਾਨੀ ਨੇ ਬਨਾਈ, ਮੈਨੂੰ ਰਤਨ ਕੌਰ

ਆਪਨੇ ਕਮਰੇ ਵਿਚ ਲੈ ਗਈ ਤੇ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ ਮੈਂ ਪੁਛਿਆ ਕਿ ਏਹ ਕਿਉਂ ਉਤਰ ਮਿਲਿਆ ਕਿ ਤੇਰਾ ਸ਼ਿੰਗਾਰ ਕਰਨਾ ਹੈ।

ਉਸ ਨੇ ਮੇਰੇ ਕੇਸ ਖੋਹਲੇ ਖੁਸ਼ਬੂ ਦਾਰ ਤੇਲ ਲਾਇਆ ਤੇ ਕੇਸਾਂ ਨੂੰ ਕੰਘਾ ਕਰਨ ਲਗੀ ਕੇਸ ਚੰਗੀ ਤਰਾਂ ਸਾਫ ਕਰਨ ਪਿਛੋਂ ਜੂੜਾ ਬਨਾਇਆ, ਤੇ ਹਸਕੇ ਕਿਹਾ ਕਿ ਏਸ ਜੂੜੇ ਦੇ ਬੰਨਣ ਦੀ ਕੀਮਤ ਇਕ ਹਜ਼ਾਰ ਰੁਪਿਆ ਹੈ, ਵੇਲਾ ਆਵਨ ਤੇ ਮੇਰਾ ਰੁਪਯਾ ਮੈਨੂੰ ਭੇਜ ਦੇਵੀਂ ਇਸ ਪਿਛੋਂ ਉਸਨੇ ਮੇਰੀ ਸਾੜ੍ਹੀ ਬਦਲੀ, ਅਤੇ ਆਪਨੇ ਗੈਹਨਿਆਂ ਦਾ ਡੱਬਾ ਲੈ ਆਈ ਮੈਂ ਕਿਹਾ ਕਿ ਮੈਂ ਗੈਹਨੇ ਨਹੀਂ ਪਾਵਾਂਗੀ, ਇਸ ਗਲ ਦਾ ਬਹੁਤ ਚਿਰ ਝਗੜਾ ਹੁੰਦਾ ਰਿਹਾ, ਆਖਰ ਉਹ ਇਕ ਹੋਰ ਡਬਾ ਚੁਕ ਲਿਆਈ, ਤੇ ਬੋਲੀ ਕਿ ਗੈਹਨੇ ਤਾਂ ਮੈਂ ਆਪਨੇ ਹੀ ਪੈਸੇ ਜੋੜ ਕੇ ਬਨਵਾਏ ਹਨ, ਇਨ੍ਹਾਂ ਦੇ ਪਹਿਨਨ ਵਿਚ ਤੈਨੂੰ ਕੋਈ ਨਾ ਨੁਕਰ ਨਹੀਂ ਕਰਨੀ ਚਾਹੀਦੀ, ਕਿਉਂ ਜੋ ਤੇਰੇ ਤੇ ਮੇਰੇ ਵਿਚ ਕੋਈ ਭਿੰਨ ਭੇਦ ਨਹੀਂ ਇਹ ਆਖ ਉਸ ਨੇ ਮੇਰੇ ਹੱਥਾਂ ਵਿਚ ਤੇ ਗਲ ਵਿਚ ਗੈਹਣੇ ਪਾਦਿਤੇ।

ਰਤਨ ਕੌਰ—ਇਸ ਮੇਰੀ ਨਿਸ਼ਾਨੀ ਨੂੰ ਉਮੈਦ ਹੈ ਕੇ ਤੂੰ ਚੰਗੀ ਤਰਾਂ ਰਖੇਂਗੀ ਜਿਸ ਨਾਲ ਮੈਂ ਤੈਨੂੰ ਸਦਾ ਯਾਦ ਆ ਜਾਇਆ ਕਰਾਂ।

ਏਹ ਕੈਹਕੇ ਰਤਨ ਕੌਰ ਦੀਆਂ ਅਖਾਂ ਅਥਰੂਆਂ ਦੇ ਮੀਂਹ ਵਸਾਉਨ ਲਗੀਆਂ ਮੇਰੇ ਵਿਚ ਏਹ ਕਦੋਂ ਤਾਕਤ ਸੀ ਕਿ ਮੈਂ ਉਸ ਪਿਆਰੀ ਸਹੇਲੀ ਨੂੰ ਆਪਨੇ ਦੁਖਾਂ ਦੇ ਯਾਦ ਆਉਨ ਤੇ ਰੋਂਦੀ ਵੇਖ ਰੁਕ ਸਕਾਂ ਮੇਰੀਆਂ ਅੱਖਾਂ ਭੀ ਉਸੇ ਤਰਾਂ ਹੀ ਮੀਂਹ ਵਸੌਨ ਲਗ ਪਈਆਂ।

ਸ਼ਿੰਗਾਰ ਤੋਂ ਵੇਹਲੇ ਹੋਏ ਹੀ ਸਾਂ ਕਿ ਕਿਸੇ ਨੇ ਬੂਹਾ ਖੜਕਾਇਆ ਬੂਹਾ ਖੋਲਨ ਤੋਂ ਪਤਾ ਲਗਾ ਕਿ ਖਿਡਾਵੀ ਰਤਨ ਕੌਰ ਦ ਛੋਟੇ ਮੁੰਡੇ ਨੂੰ ਲਿਆਈ ਹੈ ਉਸਨੇ ਬਚੇ ਨੂੰ ਮੇਰੀ ਗੋਦ ਵਿਚ ਬਿਠਾ ਦਿਤਾ, ਮੈਂ ਉਸ ਨਾਲ ਪਿਆਰ ਕਰਨ ਲਗੀ, ਉਹ ਗੋਦ ਵਿਚ ਹੀ ਸੌਂ ਗਿਆ, ਜਿਸ ਨਾਲ ਮੇਰੇ ਦਿਲ ਵਿਚ ਖਿਆਲ ਉਪਜਿਆ, ਭਲਾ ਮੈਂ ਕਦ ਉਸ ਖਿਆਲ ਨੂੰ ਆਪਨੇ ਪਾਸ ਰਖ ਸਕਦੀ ਸਾਂ ਆਪਨੀ ਪਿਆਰੀ ਰਤਨ ਕੌਰ ਨੂੰ ਦਸਿਆ ਤੇ ਨਾਲ ਹੀ ਆਪਨੇ ਸਰਦਾਰ ਈਸ਼ਰ ਸਿੰਘ ਜੀ ਦੀ ਸ਼ਕਾਇਤ ਕਰਨ ਲਗੀ:-

ਮੈਂ ਤਾਂ ਪਛਾਨ ਲਿਆ ਹੈ ਕਿ ਉਹ ਮੇਰੇ ਪਤੀ ਜੀ ਹੀ ਹਨ ਜੋ ਕੁਛ ਮੈਂ ਕਰ ਰਹੀ ਹਾਂ ਜਾ ਕਰਾਂਗੀ, ਆਪਨੇ ਪ੍ਰਾਨ ਪਤੀ ਜੀ ਹੀ ਸਮਝ ਕੇ ਕਰਾਂਗੀ, ਜਿਸ ਵਿਚ ਕੋਈ ਐਬ ਨਹੀ, ਪਰ ਮੈਨੂੰ ਤਾਂ ਉਨਾਂ ਨੇ ਨਹੀ ਪਛਾਨਿਆ ਹੋਣਾ ਉਨ੍ਹਾਂ ਨੇ ਤਾਂ ਮੈਨੂੰ ਛੋਟੀ ਉਮਰ ਵਿਚ ਹੀ ਦੇਖਿਆ ਸੀ ਬਚਪਨ ਵਿਚ ਹੋਰ ਸੂਰਤ ਹੁੰਦੀ ਹੈ, ਜਵਾਨੀ ਵਿਚ ਹੋਰ ਹੋ ਜਾਂਦੀ ਹੈ, ਉਹ ਤਾਂ ਮੈਨੂ ਇਕ ਗੈਰ ਤੀਵੀਂ ਸਮਝਕੇ ਮੇਰੇ ਮੋਹ ਵਿਚ ਫਸ ਗਏ ਹਨ ਇਸ ਕਰਕੇ ਮੈਂ ਸ਼ਕਾਇਤ ਕਰਦੀ ਹਾਂ, ਉਹ ਤਾਂ ਮੇਰੇ ਪਰਾਨ ਪਤੀ ਹਨ ਤੇ ਮੈਂ ਉਨਾ ਦੀ ਪਤਨੀ ਹਾਂ ਇਸ ਕਰਕੇ ਮੈਨੂੰ ਗੈਰ ਦਾ ਖਿਆਲ ਨਹੀ ਕਰਨਾ ਚਾਹੀਦਾ, ਕਿਉਂਕਿ ਏਹ ਮੇਰਾ ਧਰਮ ਨਹੀ ਹੈ, ਹਾਂ ਜੇ ਅਕਾਲ ਪੁਰਖ ਨੇ ਕ੍ਰਿਪਾ ਕੀਤੀ ਤਾਂ ਇਸ ਬੁਰੀ ਆਦਤ ਤੋਂ ਉਨਾਂ ਦਾ ਛੁਟਕਾਰਾ ਕਰਾਵ ਗੀ।

ਰਤਨ ਕੌਰ– ਮਰਦ ਤੇ ਤੀਵੀਂ ਦੀ ਬਰਾਬਰੀ ਕਿਸ

ਤਰਾਂ ਹੋ ਸਕਦੀ ਹੈ, ਤੂੰ ਹੀ ਜਾ ਤੇ ਕਮਸਟ੍ਰੇਟ ਦੇ ਮੈਹਕਮ ਵਿਚ ਜਾ ਕੇ ਰੁਪੈਆ ਕਮਾ ਦਸਖਾਂ ਤਦ ਜਾਣਾ।

ਮੈਂ—ਮਰਦ ਬੱਚੇ ਜਮਾ ਕੇ ਉਸਨੂੰ ਖਿਡਾਣ ਤਾਂ ਮੈਂ ਜਾਕੇ ਰੁਪੈਆ ਕਮਾ ਲਿਆਵਾਂ, ਕੁਦਰਤ ਨੇ ਜੋ ਜੋ ਕੰਮ ਕਿਸੇ ਦੇ ਸੁਪੁਰਦ ਕੀਤਾ ਹੈ ਉਸ ਨੂੰ ਉਹ ਉਹ ਕੰਮ ਕਰਨ ਦੀ ਹਿੰਮਤ ਬਖਸ਼ੀ ਹੈ।

ਰਤਨ ਕੌਰ—ਪੈਹਲੇ ਤਾਂ ਤੇਰਾ ਘਰ ਵਸ ਜਾਵੇ ਤੇ ਫੇਰ ਜੋ ਤਰੇ ਦਿਲ ਆਵੇ ਕਰੀਂ, ਪੈਹਲੇ ਤੂੰ ਉਨਾਂ ਦੇ ਦਿਲ ਨੂੰ ਤਾਂ ਕਾਬੂ ਕਰ, ਹੁਨ ਤਾਂ ਤੇਰਾ ਇਹੋ ਇਮਤਹਾਨ ਹੈ, ਇਸ ਵਿਚੋਂ ਤੇਰਾ ਪਾਸ ਫੇਲ ਹੋਣਾ ਉਮਰ ਭਰਦਾ ਨਤੀਜਾ ਹੈ।

ਬਸ ਇਮਤਿਹਾਨ ਦਾ ਨਾਂ ਸੁਨਦੀ ਹੀ ਮੈਂ ਘਬਰਾ ਗਈ ਤੇ ਬੋਲੀ ਮੈ ਤਾਂ ਇਹ ਇਲਮ ਸਿਖਿਆ ਹੀ ਨਹੀ ਇਮਤਿਹਾਨ ਕੀ ਦੇਵਾਂ।

ਰਤਨ ਕੌਰ--ਮੇਰੀ ਸ਼ਾਗਿਰਦ ਬਨੋ, ਮੈਂ ਸਭ ਕੁਛ ਸਿਖਾ ਦੇਂਦੀ ਹਾਂ ਮੈਂ ਇਸ ਕੰਮ ਵਿਚ ਤੂੰ ਜਾਨਦੀ ਹੈ ਉਸਤਾਦ ਤਾ ਹਾਂ ਹੀ।

ਮੈ—ਇਹ ਤਾਂ ਸੱਚ ਹੈ, ਮੈਂ ਜਾਨਦੀ ਹਾਂ।

ਰਤਨ ਕੌਰ--ਚਲ ਹੁਨ ਮੈਂ ਤੈਨੂੰ ਸਿਖਲਾਵਾਂ ਤੂੰ ਆਪਨਾ ਆਪ ਮਰਦ ਖਿਆਲ ਕਰ, ਤੇ ਮੈ ਤੇਰੀ ਪਤਨੀ ਬਨਦੀ ਹਾਂ ਇਹ ਕੈਹ ਉਸ ਨੇ ਘੁੰਡ ਕੱਢ ਲਿਆ।

ਆਪਨਾ ਪਾਨ ਦਾਨ ਲਿਆਈ ਤੇ ਇਕ ਪਾਨ ਲਾਇਆ (ਜਿਸਤਰਾਂ ਦਾ ਉਹ ਗਜਿੰਦ੍ਰ ਸਿੰਘ ਨੂੰ ਲਾਕੇ ਦੇਂਦੀ ਹੁੰਦੀ ਸੀ) ਤੇ ਮੇਰੇ ਹਥ ਵਿਚ ਦਿਤਾ, ਫੇਰ ਉਹ ਹਥ

ਵਿਚ ਪਖਾ ਲੈਕੇ ਝਲਨ ਲਗ ਪਈ ਪਖਾ ਝਲਨ ਪਿਛੋਂ ਮੁਠੀ ਚਾਪੀ ਕਰਨੀ ਅਰੰਭੀ।

ਮੈਂ! ਵਾਹ ਇਹ ਗੁਲਾਮੀ ਤਾਂ ਮੇਰੇ ਪਾਸੋਂ ਨਹੀਂ ਹੁੰਦੀ ਕੀ ਅੱਜ ਇਸੇ ਦਾ ਹੀ ਇਮਤਿਹਾਨ ਹੋਵੇਗਾ।

ਰਤਨ ਕੌਰ—ਜੇ ਪਤਨੀਆਂ ਪਤੀ ਜੀ ਦੀਆਂ ਲੌਂਡੀਆਂ ਨਹ ਂ ਤਾਂ ਹੋਰ ਕੀ ਹਨ?

ਮੈ—ਜੇ ਮੇਰੇ ਪੈਹਲੇ ਚਲੇ ਹੋਏ ਤੀਰ ਖਾਲੀ ਜਾਂਦੇ ਦਿਸੇ ਤਾਂ ਮੈਂ ਇਹ ਲੌਂਡੀ ਪੁਣਾ ਵੀ ਕਰ ਲਵਾਂਗੀ।

ਰਤਨ ਕੌਰ ਮੇਰੇ ਪਾਸੋਂ ਹੌਲੀ ਜੇਹੀ ਖਿਸਕ ਗਈ ਗਈ ਤੇ ਮੇਰ ਹਥਾਂ ਨੂੰ ਆਪਨਿਆਂ ਹਥਾਂ ਵਿਚ ਲੈਕੇ ਦਬਾਉਨ ਲਗ ਪਈ ਨਾਲ ਹੀ ਮੈਨੂੰ ਐਧਰ ਓਧਰ ਦੀਆਂ ਗਲਾ ਵਿਚ ਲਗਾ ਲੀਤਾ। ਮੈਂ ਇਹ ਭੁਲ ਗਈ ਕਿ ਮੈਂ ਤਾਂ ਮਰਦ ਬਨੀ ਹੋਈ ਹਾਂ ਹੁਨ ਤਾਂ ਸਖੀ ਸਹੇਲੀ ਦੀਆਂ ਗਲਾਂ ਸ਼ੁਰੂ ਹੋ ਗਈਆਂ ਉਸਨੇ ਮੇਰੇ ਚਲੇ ਜਾਨ ਦੀ ਗਲ ਛੇੜ ਦਿਤੀ ਮੇਰੀਆਂ ਅਖਾਂ ਵਿਚੋਂ ਅਥਰੂਆਂ ਦਾ ਮੀਂਹ ਵਗਨ ਲਗ ਪਿਆ।

ਮੈਂ—ਇਹ ਤਾਂ ਤ੍ਰੀਮਤਾਂ ਦੇ ਦਾ ਹੈਨ ਹੀ ਤੇ ਜੇ ਇਹ ਭੀ ਪੂਰੇ ਨਾ ਉਤਰੇ ਤਾਂ ਫੇਰ ਕੀ ਕੀਤਾ ਜਾਉ?

ਰਤਨ ਕੌਰ—ਤਦ ਗੁਝਾ ਤੀਰ ਮਾਰਨਾ ਮੇਰੇ ਕੋਲੋਂ ਸਿਖ ਲੈ।

ਏਹ ਕੈਹ ਉਸਨੇ ਮੇਰੇ ਗਲ ਵਿਚ ਆਪਨੀਆਂ ਬਾਹਾਂ ਇਸ ਨਖਰੇ ਨਾਲ ਪਾਈਆਂ ਕਿ ਮੈਂ ਤੀਵੀਂ ਹੁੰਦੀ ਹੋਈ ਵੀ ਅਪਨਾ ਆਪ ਭੁਲ ਗਈ ਦੂਜਾ ਤੀਰ ਇਹ ਚਲਾਇਆ ਮੇਰਾ ਮੂੰਹ ਵੀ ਚੁੰਮ ਗਈ।

ਮੈਂ ਉਤਰ ਦਿਤਾ ਕਿ ਇਹ ਤਾਂ ਸੰਕਲਪ ਕਰਨ ਤੋਂ ਪੈਹਲੇ ਦੀ ਰੀਤੀ ਦਸ ਰਹੀ ਹੋ।

ਰਤਨ ਕੌਰ-ਬਸ ਜੇਕਰ ਤੇਰੇ ਦਿਲ ਵਿਚ ਇਹੋ ਹੀ ਹੈ ਤਾਂ ਤੂੰ ਇਮਤਿਹਾਨ ਵਿਚੋਂ ਕਿਸ ਤਰਾਂ ਪਾਸ ਹੋ ਜਾਵੇਂਗੀ ਹੁਨ ਤੂੰ ਇਹੋ ਹੀ ਸਮਝ ਕਿ ਮੈਂ ਤੇਰਾ ਪਤੀ ਈਸ਼ਰ ਸਿੰਘ ਹਾਂ, ਇਹ ਕੈਹ ਉਹ ਤਕੀਏ ਨਾਲ ਢੋਹ ਲ ਕੇ ਬੈਠ ਗਈ ਤੇ ਹਾਸਾ ਰੋਕਨ ਵਾਸਤੇ ਉਸਨੇ ਆਪਨੇ ਮੂੰਹ ਵਿਚ ਕਪੜਾ ਤੁਨ ਲਿਆ ਤੇ ਹਾਸੇ ਨੂੰ ਰੋਕ ਕੇ ਮੇਰੀ ਵਲ ਘੂਰਨ ਲਗੀ ਤੇ ਫੇਰ ਹਸਦੀ ੨ ਲੋਟਨ ਪੋਟਨ ਹੋਨ ਲਗੀ ਤੇ ਬੋਲੀ, ਦਿਉ ਇਮਤਿਹਾਨ ਮੈ ਤੁਹਾਡਾ ਇਨਸਪੈਕਟਰ ਹਾਂ ਮੈਂ ਸਾਰੀ ਵਿਦਿਆ ਤਾਂ ਗ੍ਰੈਹਨ ਕਰ ਲਈ ਉਸਨੇ ਮੈਨੂ ਤਕੀਏ ਤੋਂ ਹੇਠਾਂ ਸੁਟ ਪਾਇਆ ਤੇ ਆਖਣ ਲਗੀ ਕਿ ਚਲ ਜੈਹਰ ਦੀ ਗੰਦਲੇ ਪਰੇ ਹਟ।

ਮੈਂ ਪੁਛਿਆ ਦਸੋ ਮੈਂ ਕਿਉਂ ਅਜੇਹੀ ਹੋਈ।

ਰਤਨ ਕੌਰ-ਚਲ ਚਲ ਹਟ ਪਰੇ ਇਸੇ ਨਾਲ ਤਾਂ ਮਰਦਾਂ ਦਾ ਦਿਲ ਖਿਚਿਆ ਜਾਂਦਾ ਹੈ ਇਹ ਨਖਰਾ ਤਾਂ ਉਨਾਂ ਨੌ ਸੌ ਨੜਿੰਨਵੇਂ ਕਲਰਕਾਂ ਵਿਚੋਂ ਕਿਸੇ ਇਕ ਵਿਚ ਭੀ ਕਹੀਂ ਦੇਖਿਆ ਨਹੀਂ ਹੋਵੇਗਾ ਤੇ ਜੇ ਉਹ ਜਰਾ ਘਬਰਾ ਜਾਨ ਤਾਂ ਉਨ੍ਹਾਂ ਦੇ ਸਿਰ ਵਿਚ ਜਰਾ ਬਦਾਮ ਰੋਗਨ ਪਾ ਦੇਵੀਂ ਆਪੇ ਹੀ ਦਿਮਾਗ ਠੀਕ ਹੋਵੇਗਾ।

ਮੈਂ-ਹੁਣ ਤਾਂ ਰੋਟੀ ਖਾਨਦਾ ਵੇਲਾ ਆਗਿਆ ਹੈ ਤੇ ਸਰਦਾਰ ਹੋਰੀ ਵੀ ਆਉਂਦੇ ਹੋਣਗੇ ਮੈਂ ਜੋ ਸਬਕ ਸਿਖਿਆ ਹੈ ਉਸਨੂੰ ਚੰਗੀ ਤਰਾਂ ਯਾਦ ਕੀਤਾ ਹੈ ਜਿਸਨੂੰ ਮੈਂ ਕਦੇ ਵੀ ਨਹੀਂ ਭੁਲਾਂਗੀ ਹੁਨ ਮੈਨੂੰ ਇਕ ਵਾਰੀ ਅਪਨਾ ਮੂੰਹ ਚੁੰਮ

ਲੈਣ ਦਿਓ ਕਿਉਂ ਜੋ ਇਸ ਵਿਚ ਬੜੀ ਮਠਾਸ ਹੈ।

ਹੁਨ ਅਸੀਂ ਦੋਵੇਂ ਜਨੀਆਂ ਖੂਬ ਜਫੀਆਂ ਪਾਕੇ ਮਿਲੀਆਂ ਰਤਨ ਕੌਰ ਦੀ ਤਰਾਂ ਹੋਰ ਕੋਈ ਪਿਆਰ ਕਰਨ ਦੀਆਂ ਅਦਾਵਾਂ ਨਹੀਂ ਜਾਂਨਦੀ ਸੀ।

—o—

## ੧੪.

## ਜਾਨ ਦੇਣ ਦੀ ਠਾਨ ਲੈਣੀ

ਮਿਸ਼ਰਾਨੀ ਨੂੰ ਸਮਝਾ ਤੇ ਹੁਸ਼ਿਆਰ ਰੈਹਨ ਵਾਸਤੇ ਆਖਕੇ ਮੈਂ ਆਪ ਸੌਣ ਵਾਲੇ ਕਮਰੇ ਵਿਚ ਚਲੀ ਗਈ। ਇਨੇ ਵਿਚ ਰੌਲਾ ਪੈ ਗਿਆ ਕਿ ਗੁਲਾਬ ਲਿਆਓ ਡਾਕਟਰ ਨੂੰ ਸਦੋ ਮੈ ਬਾਹਰ ਨਿਕਲ ਕੀ ਦੇਖਦੀ ਹਾਂ ਕਿ ਮਿਸ਼ਰਾਂਨੀ ਹਸਦੀ ੨ ਆਉਂਦੀ ਹੈ ਮੈਂ ਪੁਛਿਆ ਕੀਹ ਹੋਇਆ ਤਾਂ ਬੋਲੀ ਪਰਾਹੁਨੇ ਜੋ ਆਏ ਹੋਏ ਸਨ ਬੇਹੋਸ਼ ਹੋ ਗਏ ਹਨ।

ਮੈਂ–ਹੁਨ ਕੀ ਹਾਲ ਹੈ ? ਹੋਸ਼ ਵਿਚ ਹਨ ਕੇ ਨਹੀਂ

ਮਸ਼ਰਾਨੀ--ਹਾਂ ਰਾਜ਼ੀ ਤਾਂ ਹਨ ਪਰ ਕਮਜੋਰ ਹੋਣ ਕਰਕੇਇਥੇ ਹੀ ਸੌਨਗੇ ਆਪਨੇ ਡੇਰੇ ਤੇ ਨਹੀਂ ਜਾਂਣਗੇ ਉਤਾਰਾ ਉਨਾਂ ਨੂੰ ਇਸ ਨਾਲ ਦੇ ਕਮਰੇ ਵਿਚ ਦਿਤਾ ਗਿਆ ਹੈ।

ਮੈਂ ਸਮਝ ਗਈ ਕਿ ਜੋ ਫਰੇਬ ਕੀਤਾ ਗਿਆ ਹੈ ਨਿਰਾ ਮੇਰੀ ਹੀ ਖਾਤਰ ਹੈ, ਮੈਂ ਮਿਸ਼ਰਾਨੀ ਨੂੰ ਏਹ ਆਖ ਦਿਤਾ ਕਿ ਜਦੋਂ ਸਾਰੇ ਪ੍ਵਾਰ ਦੇ ਸੌਂ ਜਾਨ ਤੇ ਦੀਵੇ ਬੁਝ ਜਾਨ ਤਦੋਂ ਤੂੰ ਮੈਨੂੰ ਆਕੇ ਜਗਾ ਜਾਵੀਂ।

ਮਿਸ਼ਰਾਨੀ–ਉਹ ਤਾਂ ਬਿਮਾਰ ਹੋ ਗਏ ਹਨ।

ਮੈ–ਬਿਮਾਰ ਨਹੀਂ ਤੇਰਾ ਸਿਰ ਮੈਨੂੰ ਸਭ ਪਤਾ ਹੈ।

ਮਿਸ਼ਰਾਨੀ—ਬੁਲ੍ਹਾਂ ਵਿਚ ਹਸਦੀ ਹੋਈ ਚਲੀ ਗਈ, ਤੇ ਦੀਵੇ ਬੁਝਦਿਆਂ ਈ ਮੈਨੂੰ ਉਹ ਕਮਰਾ ਵਿਖਾ ਆਈ, ਥੋੜੇ ਚਿਰ ਪਿਛੋਂ ਜਦ ਮੈਂ ਕਮਰੇ ਵਿਚ ਪੈਰ ਰਖਿਆ ਤਾਂ ਕੀਹ ਵੇਖਦੀ ਹਾਂ ਕਿ ਉਹ ਤਾਂ ਸੁਤੇ ਪਏ ਹਨ ਕੋਈ ਬਿਮਾਰੀ ਤੇ ਨਾ ਕੋਈ ਸੁਸਤੀ, ਇਹ ਸਾਰੇ ਪਾਖੰਡ ਹੀ ਸਨ।

ਜਵਾਨੀ ਵਿਚ ਮੈਨੂੰ ਆਪਨੇ ਪ੍ਰਾਨ ਪਤੀ ਜੀ ਨੂੰ ਮਿਲਨ ਦਾ ਠਠਾ ਕਰਨ ਦਾ ਬੋਲਨ ਦਾ ਇਹ ਪੈਹਲਾ ਹੀ ਦਿਨ ਸੀ, ਜੋ ਖੁਸ਼ੀ ਮੈਨੂੰ ਇਸ ਵੇਲੇ ਹੋਈ ਉਹ ਸ਼ਾਇਦ ਹੀ ਕਦੀ ਹੋਈ ਹੋਵੇ। ਕੀ ਖੁਸ਼ੀ ਹੋਈ ? ਏਹ ਮੈਂ ਨਹੀ ਦਸ ਸਕਦੀ, ਮੇਰੀ ਜ਼ਬਾਨ ਅੰਦਰੋਂ ਕਿਸ ਨੇ ਫੜ ਲਈ ਜਾ ਸੀਊਂ ਦਿਤੀ, ਮੈਂ ਪੈਹਲਾਂ ਬੋਲਨਾ ਚਾਹੁੰਦੀ ਸਾਂ ਪਰ ਪਤਾ ਨਹੀ ਜੋ ਕਿਸ ਨੇ ਮੇਰਾ ਗਲ ਬੰਦ ਕਰ ਦਿਤਾ, ਸਰੀਰ ਥਰ ਥਰ ਕੰਬਨ ਲਗ ਪਿਆ ਕਲੇਜਾ ਧੱਕ ਧੱਕ ਵਜਨ ਲਗ ਪਿਆ, ਪਰ ਅਖਾਂ ਵਿਚ ਅਥਰੂਆਂ ਨੇ ਮੇਰਾ ਸਾਥ ਦਿਤਾ।

ਸਰਦਾਰ ਈਸ਼ਰ ਸਿੰਘ ਜੀ ਮੇਰੇ ਰੋਨ ਦਾ ਸਬਬ ਨਾ ਸਮਝ ਕੇ ਬੋਲੇ ਕਿ ਮੈਂ ਤਾਂ ਤੁਹਾਨੂੰ ਨਹੀ ਸੀ ਬੁਲਾਇਆ, ਤੁਸੀਂ ਆਪੇ ਹੀ ਆਏ ਹੋ, ਫੇਰ ਰੋਨ ਦਾ ਕੀ ਕਾਰਨ ?

ਇਸ ਰੁਖਿਆਈ ਨੇ ਤਾਂ ਮੇਰਾ ਦਿਲ ਕੰਬਾ ਦਿਤਾ ਮੈਂ ਸੋਚਿਆ ਕਿ ਮੈਂ ਆਪਨਾ ਹਾਲ ਜੋ ਮੇਰੇ ਨਾਲ ਅਜ ਤਕ ਬੀਤਆ ਹੈ ਕੈਹ ਦੇਵਾਂ, ਉਸ ਵੇਲੇ ਮੇਰੇ ਅੰਦਰੋਂ ਸ਼ਨਸ਼ ਅਵਾਜ਼ ਆਈ ਕੇ ਜੇ ਇਨ੍ਹਾਂ ਨੇ ਯਕੀਨ ਨਾਂ ਕੀਤਾ ਤੇ ਇਹ ਖਿਆਲ ਕਰ ਲਿਆ, ਕਿ ਇਸ ਨੇ ਕਿਤੇ ਮੇਰੀ ਇਸਤਰੀ ਦਾ ਥੋੜਾ ਬਹੁਤਾ ਪਤਾ ਲਗਾ ਲਿਆ ਹੋਨਾਏ ਤੇ ਦੌਲਤ ਦੇ ਲਾਲਚ ਵਿਚ ਫਸ ਕੇ ਮੈਨੂੰ ਛਲਨਾ ਚਾਹੁੰਦੀ ਹੈਂ ਤਾਂ ਮੈਂ

ਕਿਸੇ ਪਾਸੇ ਦੀ ਭੀ ਨਹੀਂ ਰਵਾਂਗੀ, ਇਸ ਖਿਆਲ ਨਾਲ ਮੈਂ ਚੁਪ ਹੋ ਗਈ।

ਪਤੀ ਜੀ:-ਕੀ ਤੁਸੀਂ ਕਾਲਾ ਦੇਂਗੀ ਦੇ ਰੈਹਨ ਵਾਲੇ ਹੋ?

ਮੈਂ-ਹਾਂ ਜੀ

ਪਤੀ ਜੀ-ਮੈਨੂੰ ਤਾਂ ਇਹ ਪਤਾ ਨਹੀ ਸੀ ਕਿ ਕਾਲਾ ਦੇਂਗੀ ਜੋ ਇਕ ਛੋਤ ਹੈ ਉਸ ਵਿਚ ਭੀ ਇਹੋ ਜੇਹੀਆਂ ਸੋਹਣੀਆਂ ਪਰੀਆਂ ਹਨ।

ਮੇਰੀ ਨਜ਼ਰ ਤਾਂ ਉਨ੍ਹਾਂ ਦੀਆਂ ਅਖਾਂ ਵਿਚ ਹੀ ਸੀ, ਮੈਂ ਇਹ ਮਲੂਮ ਕਰ ਲਿਆ ਕਿ ਬੜੀ ਹਰਾਨੀ ਨਾਲ ਪੁਛ ਰਹੇ ਹਨ।

ਮੈਂ: (ਠੰਡਾ ਹਾਉਕਾ ਭਰਕੇ) ਮੈਂ ਸੁੰਦਰੀ ਨਹੀ ਪਰ ਮੇਰੇ ਪਿੰਡ ਵਿਚ ਤਾਂ ਨਿਰੀ ਇਕੋ ਹੀ ਸੁੰਦਰੀ ਹੈ ਇਸ ਗਲਦਾ ਨਿਰਾ ਇਹੋ ਹੀ ਮਤਲਬ ਸੀ ਕਿ ਉਹ ਭੀ ਆਪਨੀ ਜ਼ਬਾਨੀ ਅਪਨੀ ਇਸਤ੍ਰੀ ਦਾ ਹਾਲ ਦਸਨ।

ਪਤੀ ਜੀ ਕੁਝ ਚਿਰ ਚੁਪ ਰੈਹਨ ਪਿਛੋਂ ਬੋਲੇ ਤੁਹਾਨੂੰ ਇਥੇ ਆਇਆਂ ਕਿਨੀ ਮੁਦਤ ਹੋਈ ਹੈ।

ਮੈਂ-ਉਸ ਸਾਕੇ ਪਿਛੋਂ ਹੀ ਇਥੇ ਚਲੀ ਆਈ ਹਾਂ ਸ਼ਾਇਦ ਤੁਸਾਂ ਹੋਰ ਵਿਆਹ ਕਰ ਲਿਆ ਹੋਵੇਗਾ।

ਉਨਾਂ ਜਵਾਬ ਦਿਤਾ ਨਹੀਂ ਦੂਸਰਾ ਵਿਆਹ ਨਹੀਂ ਕੀਤਾ।

ਮੈਂ-ਤੁਸੀਂ ਬੜੇ ਕਿਸਮਤ ਵਾਲੇ ਹੋ ਜੋ ਤੁਹਾਡੀ ਇਸਤਰੀ ਦਾ ਪਤਾ ਲਗ ਜਾਂਦਾ ਤਾਂ ਘਰ ਵਿਚ ਬੜਾ ਰਾਮ ਰੌਲਾ ਹੁੰਦਾ।

ਪਤੀ ਜੀ:—ਜੇ ਉਹ ਮਿਲ ਵੀ ਜਾਂਦੀ ਤਾਂ ਮੈਂ ਉਸ ਨੂੰ ਕਦੀ ਭੀ ਘਰ ਨਾ ਰਖਦਾ।

ਮੈਂ--ਕੀ ਉਸ ਨੂੰ ਅਖਾਂ ਨਾਲ ਦੇਖਨ ਤੋਂ ਵੀ ਘਿਰਨਾ ਹੈ।

ਪਤੀ ਜੀ:—ਹਾਂ ਉਸ ਨੂੰ ਮੈਂ ਛੱਡ ਦੇਣਾ ਹੈ।

ਇਨਾ ਸੁਣ ਮੇਰੇ ਉਤੇ ਤਾਂ ਪਹਾੜ ਟੁਟ ਕੇ ਡਿਗ ਪਿਆ ਤੇ ਸੋਚਨ ਲਗੀ ਜੇ ਮੈਂ ਕੈਹ ਦੇਵਾਂ ਕਿ ਮੈ ਹੀ ਆਪਦੀ ਇਸਤ੍ਰੀ ਹਾਂ ਤੇ ਇਹ ਮੈਨੂੰ ਕਢ ਦੇਨਗੇ, ਹਾਇ ਮੇਰੀ ਕਿਸਮਤ ਮੈਨੂੰ ਕਿਸਤਰਾਂ ਦੇ ਰੰਗ ਦਿਖਾਉਂਦੀ ਹੈ, ਅਖਾਂ ਦੇ ਅਗੇ ਹਨੇਰਾ ਦਿਸਨ ਲਗ ਪਿਆ, ਜ਼ਮੀਨ ਚਕਰ ਲਾਉਂਦੀ ਦਿਸਨ ਲਗੀ।

ਉਸੇ ਦਿਨ ਮੈਂ ਇਹ ਦਿਲ ਵਿਚ ਠਾਨ ਲਈ ਕਿ ਜੇ ਇਨ੍ਹਾਂ ਨੇ ਮੈਨੂੰ ਆਪਣੀ ਪਤਨੀ ਬਨਾ ਲਿਆ ਤਦ ਤਾਂ ਚੰਗਾ, ਨਹੀਂ ਤਾਂ ਆਪਨੀ ਜਾਨ ਗਵਾ ਦਿਆਂਗੀ।

—o—

## ੧੫.

## ਛੁਪ ਦਾ ਵਰਤ

ਹੁਨ ਮੇਰੇ ਦਿਲ ਵਿਚੋਂ ਜੇਹੜੇ ਖਿਆਲ ਪੈਹਲੇ ਉਪਜਦੇ ਸਨ, ਬਿਲਕੁਲ ਹੀ ਉਡ ਚੁਕੇ ਹਨ ਮੇਰੇ ਦਿਲ ਵਿਚ ਏਹ ਖਿਆਲ ਆਇਆ ਕਿ ਜੇ ਹਾਥੀ ਨੂੰ ਦੰਦ ਪਿਛੇ ਮਾਰਨਾ, ਸ਼ੇਰ ਦਾ ਸ਼ਿਕਾਰ ਕਰਨਾ ਪਾਪ ਨਹੀਂ ਹੈ ਤਦ ਤੀਵੀਆਂ ਦਾ ਆਪਨੇ ਹਥਿਆਰਾਂ ਪਾਸੋਂ ਕੰਮ ਲੈਨਾ ਵੀ ਪਾਪ ਨਹੀਂ ਹੈ ਅਤੇ ਇਨ੍ਹਾਂ ਹਥਿਆਰਾਂ ਵਿਚ ਹੀ ਸਾਡੀ ਦੋਹਾਂ ਦੀ ਭਲਾਈ

ਹੈ, ਫੇਰ ਕਿਉਂ ਨਾ ਵਰਤੇ ਜਾਨ ਤੇ ਏਹ ਵਕਤ ਹਥੋਂ ਵੀ ਨਾ ਜਾਨ ਦੇਣਾ ਚਾਹੀਦਾ ਕਿਉਂ ਜੋ ਸਾਰੀ ਉਮਰ ਦਾ ਦੁਖ ਸੁਖ ਇਸੇ ਹੀ ਵਕਤ ਤੇ ਨਿਰਭਰ ਹੈ, ਮੈਂ ਉਥੋਂ ਉਠਕੇ ਜਰਾ ਪਰੇ ਹੋਕੇ ਬੈਠ ਗਈ ਤੇ ਜੂੜਾ ਕਰਨ ਲਗ ਪਈ ਤੇ ਬੋਲੀ ਕਿ ਤੁਹਾਨੂੰ ਤਾਂ ਕੋਈ ਹੋਰ ਹੀ ਭਰਮ ਹੋਗਿਆ ਹੈ, ਮੈਂ ਬਦਕਾਰ ਤੀਵੀਂ ਨਹੀਂ ਹਾਂ ਜੋ ਆਪ ਖਿਆਲ ਕਰਦੇ ਹੋ, ਮੈਨੂੰ ਪਤਾ ਲਗਾ ਸੀ ਕਿ ਆਪ ਮੇਰੇ ਹੀ ਪਿੰਡ ਵਲ ਦੇ ਹੋ। ਇਸ ਕਰਕੇ ਉਥੋਂ ਦਾ ਹਾਲ ਪਤਾ ਕਰਨ ਦੀ ਨੀਯਤ ਨਾਲ ਆਪਦੇ ਪਾਸ ਆਈ ਸਾਂ, ਹੋਰ ਮੇਰਾ ਕੋਈ ਪ੍ਰਯੋਜਨ ਨਹੀਂ ਸੀ।

ਉਨ੍ਹਾਂ ਨੇ ਮੇਰੀ ਗਲ ਦਾ ਯਕੀਨ ਨ ਕਰਕੇ ਮੇਰੀ ਵਲ ਆਪਣਾ ਆਪ ਵਧਾਇਆ ਮੈਂ ਹਸਨ ਲਗ ਪਈ ਕੀ ਤੁਸਾਂ ਮੇਰੀਆਂ ਗਲਾਂ ਤੇ ਕੋਈ ਧਿਆਨ ਨਹੀਂ ਦਿਤਾ, ਮੈਂ ਹੁਣ ਜਾਂਦੀ ਹਾਂ, ਇਹ ਮੇਰੀ ਤੇ ਆਪਦੀ ਪੈਹਲੀ ਤੇ ਆਖਰੀ ਮੁਲਾਕਾਤ ਹੈ, ਮੈਂ ਉਸੇ ਵਕਤ ਆਪਣੀਆਂ ਟੇਡੀਆਂ ਭਵਾਂ ਕਰਕੇ ਕਮਾਨ ਵਿਚੋਂ ਕਈ ਤੀਰ ਚਲਾਏ, ਆਪਣੇ ਕੁੰਡਲ ਵਾਲੇ ਵਾਲਾਂ ਦੀ ਇਕ ਲਟ ਕਢਕੇ ਆਪਣੀਆਂ ਗਲ੍ਹਾਂ ਉਤੇ ਸੁੱਟ ਲਈ ਤੇ ਉਠਕੇ ਖੜੋ ਗਈ।

ਉਹਨਾਂ ਨੇ ਝਟ ਪਟ ਮੇਰਾ ਹਥ ਫੜ ਲਿਆ, (ਮੇਰੇ ਹਥ ਵਿਚ ਇਕ ਚੰਬੇਲੀ ਦੇ ਫੁਲਾਂ ਦਾ ਕੰਗਨ ਪਿਆ ਹੋਇਆ ਸੀ) ਤੇ ਦੇਖਨ ਲਗੇ, ਮੈਂ ਬੋਲੀ ਕੀਹ ਦੇਖ ਰਹੇ ਹੋ।

ਜਵਾਬ ਮਿਲਿਆ ਮੈ ਇਹ ਦੇਖ ਰਿਹਾ ਕਿ ਏਹ ਫੁਲ ਜੇਹੜੇ ਤੁਹਾਡੀ ਵੀਣੀ ਤੇ ਬਧੇ ਹੋਏ ਹਨ ਏੜੇ ਕੋਝੇ ਮਾਲੂਮ ਹੁੰਦੇ ਹਨ, ਕਿਉਂਕਿ ਇਨ੍ਹਾਂ ਫੁਲਾਂ ਨਾਲੋਂ ਤਾਂ ਤੁਹਾਡੀ ਵੀਣੀ ਹੀ ਬੜੀ ਮੁਲਾਇਮ ਤੇ ਨਾਜ਼ਕ ਹੈ, ਮੈਂ ਹੱਥ ਛੁਡਾਕੇ ਹੱਸਣ

ਲਗ ਪਈ ਆਪ ਚੰਗੇ ਆਦਮੀਹੋ,ਜੋ ਇਸਤਰਾਂ ਦੀਆਂ ਗਲਾਂ ਕਰ ਰਹੇ ਹੋ, ਮੈਨੂੰ ਹੱਥ ਨਾ ਲਾਵੋ, ਮੈ ਬਦਕਾਰ ਨਹੀਂ ਹਾਂ ਮੈਂ ਇਸ ਕਿਸਮ ਦੀ ਆਦਤਾਂ ਵਾਲੀ ਨਹੀਂ ਹਾਂ ਆਪ ਦਇਆ ਕਰੋ, ਮੈਂ ਆਜਜੀ ਨਾਲ ਬੇਨਤੀ ਕਰਦੀ ਹਾਂ।

ਏਹ ਕੈਂਹਦੀ ਕੈਂਹਦੀ ਮੈਂ ਬੂਹੇ ਵਲ ਬਾਹਰ ਜਾਨ ਲਈ ਵਧੀ ਝਟ ਉਨ੍ਹਾਂ ਦੇ ਮੂੰਹੋਂ ਇਹ ਲਫਜ ਨਿਕਲ ਗਏ। "ਮੇਰੀ ਪਿਆਰੀ ਮੈ ਅੱਜ ਤਕ ਤੇਰੇ ਜੇਹੀ ਸ਼ਕਲ ਵਲੀ ਸੋਹਣੀ ਤਾਵਾਂ ਨਹੀਂ ਦੇਖੀ ਹੁਨ ਮੇਰਾ ਦਿਲ ਮੇਰੇ ਕਾਬੂ ਵਿਚ ਨਹੀਂ ਹੈ, ਦਿਲ ਨੂੰ ਤੁਸੀ ਆਪਣੇ ਨਾਲ ਲੈ ਜਾਵੋਗੇ, ਤਾਂ ਏਹ ਲੋਥ ਇਥੇ ਹੀ ਪਈ ਰੈਹ ਜਾਵੇਗੀ, ਤਦ ਇਸਦਾ ਜ਼ਿੰਮੇਵਾਰ ਕੌਨ ਹੋਵੇਗਾ, ਮੈ ਬਾਹਰ ਜਾਨਾ ਚਾਹੁੰਦੀ ਹੀ ਨਹੀਂ ਸਾਂ ਏਹ ਤਾਂ ਇਕ ਗੁੱਝੇ ਤੀਰਾਂ ਵਿਚੋਂ ਤੀਰ ਸੀ ਮੈਂ ਮੁੜ ਆਈ ਤੇ ਬੋਲੀ ਪ੍ਰਾਨ ਪਿਆਰੇ ਮੈਂ ਭੀ ਆਪ ਜਹੇ ਨੂੰ ਕਦ ਆਪਨੇ ਆਪ ਤੋਂ ਵਖ ਕਰ ਸਕਦੀ ਹਾਂ, ਆਪ ਜਹੇ ਰਤਨ ਨੂੰ ਕਦ ਹੱਥੋਂ ਜਾਣ ਦੇਂਦੀ ਹਾਂ। ਪਰ ਮੈਂ ਇਕ ਦੋ ਘੜੀ ਦੇ ਸੁਖ ਦੀ ਖਾਤਰ ਆਪਨਾ ਆਪ ਚਿਕੜ ਵਿਚ ਨਹੀਂ ਭਰ ਸਕਦੀ। ਮੈਂ ਅਜ ਤਕ ਚਿਕੜ ਵਿਚ ਨਹੀਂ ਪਈ ਅਜੇ ਤਕ ਮੇਰ ਵਾਸਤੇ ਸੁਵਰਗ ਦੇ ਬੂਹੇ ਖੁਲੇ ਹੋਏ ਹਨ। ਮੈਂ ਆਪਣੇ ਆਪਨੂੰ ਹੁਣ ਤਕ ਭਾਗਾਂ ਵਾਲੀ ਸਮਝਦੀ ਹਾਂ ਇਸ ਖੁਸ਼ ਨਸੀਬੀ ਦਾ ਕਾਰਨ ਨਿਰਾ ਇਕੋ ਮੇਰਾ ਧਰਮ ਹੀ ਹੈ, ਲੌ ਹੁਣ ਮੈਂ ਜਾਂਦੀ ਹਾਂ।

ਧਰਮ ਦੀ ਗਲ ਬਾਤਾਂ ਦੀ ਤਾਂ ਤੁਹਾਨੂੰ ਸੋਝੀ ਹੈ, ਪਰ ਪਿਆਰੀ ਤੂੰ ਮੈਨੂੰ ਇਕ ਐਸੀ ਦਸ਼ਾ ਵਿਚ ਪਹੁੰਚਾ ਦਿਤਾ ਹੈ ਕਿ ਮੈਂ ਆਪਣਾ ਆਪ ਕੁਛ ਨਹੀਂ ਸਮਝਦਾ,

ਮੈਨੂੰ ਤਾਂ ਤੂੰ ਧਰਮੋ ਕੁਧਰਮ ਕਰ ਦਿਤਾ ਹੈ, ਸਚ ਤਾਂ ਇਹ ਹੈ ਕਿ ਮੈਨੂੰ ਬਿਲਕੁਲ ਧਰਮ ਤੇ ਅਧਰਮ ਦਾ ਖਿਆਲ ਹੀ ਨਹੀਂ ਹੈ, ਹੁਣ ਤਾਂ ਇਸ ਦਿਲ ਵਿਚ ਤੂੰਹੇਂ ਹੀ ਰਹੇਂਗੀ।

ਮੈਂ ਹੱਸਨ ਲਗੀ:--ਮਰਦਾਂ ਦੀ ਸੌਂਹ ਦਾ ਕੀ ਇਤਬਾਰ ਹੈ, ਹੁਣ ਥੋੜਾ ਚਿਰ ਹੋਇਆ ਤੁਸੀ ਹੋਰ ਹੀ ਦਸ਼ਾ ਵਿਚ ਸਉ ਹੁਨ ਹੋਰ ਹੀ ਦਸ਼ਾ ਵਿਚ ਹੋ ਤੇ ਆਖਦੇ ਹੋ ਕਿ ਸਾਨੂੰ ਆਪਨ ਆਪ ਦੀ ਹੋਸ਼ ਨਹੀਂ ਹੈ।

ਮੈ ਇੰਨਾਂ ਕੈਹਕ ਅੱਗੇ ਵਧੀ, ਅਜੇ ਬੂਹੇ ਤਕ ਭੀ ਨਾ ਪਹੁੰਚੀ ਸਾਂ ਕਿ ਮੇਰ ਪ੍ਰਾਨ ਪਤੀ ਜੀ ਮੇਰੇ ਪਿਛੇ ਦੌੜੇ ਤੇ ਮੇਰੇ ਦੋਹਾਂ ਹਥਾਂ ਨੂੰ ਆਪਨੇ ਹਥਾਂ ਵਿਚ ਲੈਕੇ ਰਸਤਾ ਰੋਕ ਕੇ ਖੜੋ ਗਏ, ਤੇ ਬੋਲੇ ਹਾਇ ! ਮੈਂ ਤਾਂ ਇਹ ਨਹੀਂ ਖਿਆਲ ਕਰਦਾ ਸੀ (ਲੰਮੇ ਲੰਮੇ ਹਉਕੇ ਭਰਨ ਲਗੇ) ਮੇਰੇ ਪਾਸੋਂ ਭੀ ਨਾ ਰਿਹਾ ਗਿਆ ਭਲਾ ਮੈਂ ਭੀ ਕਦ ਕਲੇਜੇ ਦਾ ਸਲ ਸੈਹ ਸਕਦੀ ਸਾਂ, ਬੋਲੀ, ਆਪ ਤਾਂ ਇਥੋਂ ਚਲੇ ਜਾਉਗੇ ਮੈ ਇਥੇ ਹੀ ਬਿਰਹੋਂ ਦੀ ਅੱਗ ਵਿਚ ਪਈ ਸੜਾਂਗੀ ਹੁਣ ਤਾਂ ਦਿਨ ਚੜ੍ਹਨ ਵਾਲਾ ਹੋਗਿਆ ਹੈ, ਚਲੋ, ਮੈਂ ਆਪ ਦੇ ਡੇਰੇ ਹੀ ਚਲੀ ਜਾਂਦੀ ਹੇ।

ਉਹ ਖੁਸ਼ ਹੋਗਏ ਡੇਰਾ ਉਨ੍ਹਾਂ ਦਾ ਸ਼ਿਮਲੇ ਮਹੱਲੇ ਵਿਚ ਸੀ, ਗੱਡੀ ਉਨ੍ਹਾਂ ਦੀ ਖੜੋਤੀ ਹੀ ਸੀ, ਉਹ ਮੈਨੂੰ ਆਪਨੇ ਨਾਲ ਲੈ ਉਸ ਗਡੀ ਪਾਸ ਪੁਜੇ ਅਗੇ ਉਨ੍ਹਾਂ ਦੇ ਆਦਮੀ ਵੀ ਤਿਆਰ ਹੀ ਸਨ, ਅਸੀਂ ਦੋਵੇਂ ਜਨੇ ਗਡੀ ਵਿਚ ਸੁਵਾਰ ਹੋਗਏ, ਗਡੀ ਹੌਲੀ ੨ ਆਪਨਾ ਰਸਤਾ ਕਟਨ ਲਗੀ, ਅਜੇ ਚਾਰ ਪੰਜ ਹੀ ਮਿੰਟ ਬੀਤੇ ਹੋਣਗੇ ਕਿ ਝਟ ਖੜੋ ਗਈ, ਪਤਾ ਲਗਾ ਕਿ ਮਕਾਨ ਆ ਗਿਆ ਹੈ, ਇਹ ਮਕਾਨ ਦੋ ਮੰਜਲਾ ਸੀ

ਉਪਰਲੀ ਛੱਤ ਉਪਰ ਦੋ ਕਮਰੇ ਸਨ ਇਕ ਕਮਰੇ ਵਿਚ ਮੈਂ ਚਲੀ ਗਈ ਤੇ ਅੰਦਰੋਂ ਬੂਹਾ ਬੰਦ ਕਰਕੇ ਕੁੰਡਾ ਮਾਰਲਿਆ, ਪ੍ਰਾਨ ਪਤੀ ਜੀ ਬਾਹਰ ਖੜੇ ਮਿੰਨਤਾਂ ਕਰਨ ਲਗੇ, ਅਖਰ ਮੈਂ ਉਤਰ ਦਿਤਾ, ਕਿ ਹੁਣ ਤਾਂ ਆਪ ਦੀ ਦਾਸੀ ਹੋ ਹੀ ਚੁਕੀ ਹਾਂ, ਸਿਰਫ ਏਹੋ ਹੀ ਦੇਖਨਾ ਹੈ ਕਿ ਦਿਨ ਚੜ੍ਹੇ ਤਕ ਤੁਹਾਡੀ ਮਹੱਬਤ ਵਿਚ ਕੀ ਫਰਕ ਪੈਂਦਾ ਹੈ, ਜੇ ਕੋਈ ਫਰਕ ਨਾ ਡਿਠਾ ਤਦ ਪ੍ਰੇਮ ਵਾਲੀਆਂ ਗਲਾਂ ਹੋਣਗੀਆਂ ਨਹੀਂ ਤਾਂ ਅਜ ਹੀ ਕਿਸ ਮੁਕ ਜਾਊ।

ਮੈਂ ਬੂਹਾ ਨਹੀਂ ਖੋਲਿਆ ਵਿਚਾਰੇ ਦੂਸਰੇ ਕਮਰੇ ਵਿਚ ਜਾਕ ਸੌਂ ਗਏ ਜੇਠ ਹਾੜਦਾ ਮਹੀਨਾਂ ਹੋਵੇ ਧੁਪ ਚੰਗੀ ਨਿਕਲੀ ਹੋਈ ਹੋਵੇ, ਤੇ ਆਦਮੀ ਦਾ ਮੂੰਹ ਬੰਦ ਕਰਕੇ ਉਸਨੂੰ ਦਰਯਾ ਦੇ ਕੰਢੇ ਤੇ ਬਹਾ ਦਿਤਾ ਜਾਵੇ ਤਾਂ ਉਸਦੇ ਦਿਲ ਦਾ ਕੀਹ ਹਾਲ ਹੋਵੇਗਾ।

ਦਿਨ ਚੜ੍ਹਿਆ ਮੈਂ ਬੂਹਾ ਖੋਲਿਆ ਤਾਂ ਕੀ ਵੇਖਦੀ ਹਾਂ, ਕਿ ਪ੍ਰਾਨ ਪਿਆਰੇ ਬੂਹਾ ਖੁਲਨ ਦੀ ਉਡੀਕ ਵਿਚ ਅਗੇ ਖੜੇਹਨ, ਮੈਂ ਮੁਸ਼ਕਰਾਉਂਦੀ ਹੋਈ ਨੇ ਆਪਨੇ ਦੋਵੇਂ ਹੱਥ ਉਨ੍ਹਾਂ ਦੇ ਹੱਥਾਂ ਵਿਚ ਦੇਕੇ ਉਨ੍ਹਾਂ ਨੂੰ ਅੰਦਰ ਨੂੰ ਖਿਚ ਲਿਆ, ਪਲੰਗ ਉਪਰ ਬੈਹਕੇ ਮੈਂ ਬੋਲੀ ਪਿਆਰੇ ਯਾ ਤਾਂ ਮੈਨੂੰ ਗ ਜੰਦਰ ਸਿੰਘ ਦੇ ਘਰ ਭਿਜਵਾ ਦੇਵੋ, ਯਾਂ ਦਸ ਦਿਨ ਤਕ ਮੇਰੇ ਨਾਲ ਕੁਝ ਗਲ ਬਾਤ ਨਾ ਕਰੋ।

ਉਨਾਂ ਨੇ ਅਠ ਦਸ ਦਿਨ ਬਿਨ ਬੋਲੇ ਚੁਪ ਰੇਹਨਾਂ ਮਨਜ਼ੂਰ ਕਰ ਲੀਤਾ।

—o—

## ੧੬.

# ਖ਼ੂਨ ਦੀ ਸਜ਼ਾ ਫਾਂਸੀ

ਹੇ ਅਕਾਲ ਪੁਰਖ ! ਤੂੰ ਤੀਵੀਆਂ ਨੂੰ ਮਰਦਾਂ ਦੇ ਦਿਲ ਵਸਕਰ ਲੈਨ ਦੀਆਂ ਤੇ ਉਨ੍ਹਾਂ ਦ ਦਿਲ ਨੂੰ ਜਲਾਉਨ ਦੀਆਂ ਕਈ ਤਦਬੀਰਾਂ ਦਸੀਆਂ ਹਨ, ਜਿਨਾਂ ਵਿਚੋਂ ਇਸ ਵੇਲੇ ਮੈਂ ਨਿਰੀਆਂ ਇਕ ਦੋ ਤਦਬੀਰਾਂ ਹੀ ਕੀਤੀਆਂ ਹਨ, ਜਿਨ੍ਹਾਂ ਨਾਲ ਉਨ੍ਹਾਂ ਦੇ ਦਿਲ ਦੀ ਹਾਲਤ ਬਦਲ ਗਈ ਹੈ, ਅਠ ਦਿਨ ਤਕ ਤਾਂ ਇਹੋ ਹੀ ਹਾਲ ਰਿਹਾ, ਮੈਂ ਤੀਵੀ ਹਾਂ, ਆਪਨੇ ਮੂੰਹੋਂ ਕੀ ਕਹਾਂ, ਮੈਨੂੰ ਸ਼ਰਮ ਆਗਿਆ ਨਹੀਂ ਦਿੰਦੀ ਮ ਜੇ ਉਨ੍ਹਾਂ ਨੇ ਦਿਲ ਵਿਚ ਆਪਨਾ ਸਿੱਕਾ ਜਮਾਇਆ ਕਿਸ ਤਰਾਂ ਉਨ੍ਹਾਂ ਦੇ ਦਿਲ ਨੂੰ ਅਗ ਲਾਈ ਤੇ ਕਿਸਤਰਾਂ ਫੂਕਾਂ ਮਾਰੀਆਂ ਇਨ੍ਹਾਂ ਸੁਵਾਲਾਂ ਦਾ ਜਵਾਬ ਮੈਂ ਤਾਂ ਸ਼ਰਮ ਦੀ ਮਾਰੀ ਨਹੀਂ ਦੇ ਸਕਦੀ ਪਰ ਉਹੋ ਆਦਮੀ ਜਾਂ ਤੀਵੀਂ ਜਾਨਦੀ ਹੈ, ਜਿਸਨੇ ਕਿਸੇ ਦੇ ਦਿਲ ਵਿਚ ਅਗ ਦਾ ਭਬੂਕਾ ਬਾਲਕੇ ਫੂਕਾਂ ਮਾਰੀਆਂ ਹੋਨ ਪਰ ਮੈਂ ਤਾਂ ਆਪਨੇ ਪ੍ਰਾਨ ਪਤੀ ਜੀ ਤੋਂ ਵਿਛੜੀ ਹੋਈ ਸਾਂ, ਅਤੇ ਮੈਨੂੰ ਕਈ ਤਦਬੀਰਾਂ ਉਨਾਂ ਦੇ ਮਿਲਾਪ ਦੀਆਂ ਕਰਨੀਆਂ ਚਾਹੀਦੀਆਂਸਨ ਤੇ ਮੈਨੂੰ ਕਰਨ ਦਾ ਹੱਕ ਉਨ੍ਹਾਂ ਦੀ ਧਰਮ ਪਤਨੀ ਹੋਨ ਕਰਕੇ ਹਾਸਲ ਸੀ।

ਅਠ ਦਿਨ ਤਕ ਮੈਂ ਬਰਾਬਰ ਪ੍ਰਾਨ ਪਤੀ ਜੀ ਦੇ ਪਾਸ ਹੀ ਰਹੀ, ਤੇ ਉਨਾਂ ਨਾਲ ਹਾਸੇ ਠਠੇ ਦੀਆਂ ਗਲਾਂ ਹੁੰਦੀਆਂ ਰਹੀਆਂ ਪੈਹਲਾ ਦਿਨ ਤਾਂ ਨਖਰੇ ਤੇ ਅਦਾਵਾਂ ਕਰਦਿਆਂ ਹੀ ਬਿਤਾਇਆ ਜਿਸ ਦਾ ਨਤੀਜਾ ਇਹ ਕਿ

ਉਨ੍ਹਾਂ ਦਾ ਦਿਲ ਉਨ੍ਹਾਂ ਦੇ ਕਾਬੂ ਵਿਚੋਂ ਖਿਚ ਲਿਆ। ਦੂਸਰੇ ਦਿਨ ਨਿਰੀਆਂ ਪ੍ਰੇਮ ਭਰੀਆਂ ਗਲਾਂ ਕੀਤੀਆਂ ਜਿਨਾਂ ਨਾਲ ਅਪਨਾ ਪਿਆਰ ਵੀ ਸਾਬਤ ਕੀਤਾ, ਮੇਰੇ ਮੂੰਹੋਂ ਕੋਈ ਕਿਸੇਤਰਾਂ ਦੀ ਤੇਜ ਤੇ ਰੁਖੀ ਗਲ ਨਹੀਂ ਨਿਕਲੀ ਤੀਸਰੇ ਦਿਨ ਮੈਂ ਆਪ ਹੀ ਘਰ ਦਾ ਸਾਰਾ ਕੰਮ ਆਪਨੇ ਸਪੁਰਦ ਕਰ ਲਿਆ ਰਸੋਈ ਵੀ ਮੈਂ ਆਪ ਹੀ ਬਨਾਕੇ ਦੇਨ ਲਗੀ ਗਰਮ ਪਾਨੀ ਕਰਕੇ ਅਸ਼ਨਾਨ ਕਰਾਉਨਾ ਦਾਤਨ ਕਰਲਾ ਕਰਵਾਨਾ ਮੂਲ ਕੀ ਹਰ ਇਕ ਕੰਮ ਆਪ ਕਰਨਾ ਸ਼ੁਰੂ ਕਰ ਦਿਤਾ ਜੇ ਕਦੀ ਉਨਾਂਦਾ ਦਿਲਦਾ ਖਿਆਲਰੰਜ ਵਿਚ ਵੇਖਦੀ ਤਾਂ ਮਿਠੀਆਂ ਤੇ ਪ੍ਰੇਮ ਭਰੀਆਂ ਗਲਾਂ ਕਰਕੇ ਉਨਾਂ ਦੇ ਰੰਜ ਨੂੰ ਖੁਸ਼ ਵਿਖ ਪਲਟਾ ਦੇਂਦੀ।

ਹੁਣ ਮੈਂ ਪੜਨ ਵਾਲਿਆ ਦੀ ਸੇਵਾ ਵਿਚ ਹਥ ਜੋੜਕੇ ਬੇਨਤੀ ਕਰਦੀ ਹਾਂ ਕਿ ਤੁਸੀਂ ਇਹ ਨਾ ਸਮਝਨਾ ਕਿ ਮੈਂ ਧਨ ਦੌਲਤ ਦੇ ਖਿਆਲ ਨਾਲ ਪਤੀ ਜੀ ਨੂੰ ਫਰੇਬ ਵਿਚ ਲਿਆਈ ਸਾਂ ਜੋ ਤਰਕੀਬਾਂ ਮੈਂ ਕੀਤੀਆਂ ਸਨ, ਜੋ ਭੀ ਕੰਮ ਮੈਂ ਕੀਤਾ ਸੀ ਹੋਰ ਕਿਸੇ ਮਤਲਬ ਲਈ ਨਹੀਂ ਕੀਤਾ ਸਿਰਫ ਆਪਨੇ ਪਤੀ ਜੀ ਦੀ ਪਤਨੀ ਬਨਨ ਦੇ ਖਿਆਲ ਨਾਲ ਕੀਤਾ ਸੀ ਕਿਉਂਕਿ ਜੋ ਉਨਾਂ ਦਾ ਦਿਲ ਮੈਨੂੰ ਰਖਨ ਤੋਂ ਹਟ ਚੁਕਿਆ ਸੀ ਜੇ ਮੈਂ ਪੈਹਲੇ ਹੀ ਕੈਹ ਦੇਂਦੀ ਕਿ ਮੈਂ ਆਪਦੀ ਹੀ ਪਤਨੀ ਹਾਂ ਤਾਂ ਉਹ ਕਦੀ ਯਕੀਨ ਨਾ ਕਰਦੇ ਤੇ ਮੈਂ ਉਮਰ ਭਰ ਵਾਸਤੇ ਜੀਉਂਦੀ ਹੀ ਨਰਕ ਵਿਚ ਚਲੀ ਜਾਂਦੀ ਹੁਨ ਮੈਂ ਅਪਨੀ ਜਵਾਨੀ ਵਿਚ ਪੂਰਨ ਹੋਈ ਹੋਈ ਸਾਂ ਮੈਨੂੰ ਮੇਰੀ ਉਮਰ ਐਵੇਂ ਜਾਂਦੀ ਵੇਖ ਬਹੁਤ ਝੂਰਨਾ ਪੈਂਦਾ ਸੀ ਜਿਸ ਨਾਲਕਈਕਈਤਰਾਂ ਦੇ ਖਿਆਲ ਆ ਘੇਰਦੇ

ਸਨ ਉਸ ਵੇਲੇ ਮੈਂ ਅਕਾਲ ਪੁਰਖ ਦੀ ਸੇਵਾ ਵਿਚ ਇਹ ਬੇਨਤੀ ਕੀਤਾ ਕਰਦੀ ਸਾਂ ਕਿ ਹੇ ਸੱਚੇ ਪਾਤਸ਼ਾਹ ਤੂੰ ਹਰ ਇਕ ਆਜ਼ਜ ਦੀ ਬੇਨਤੀ ਨੂੰ ਸਵੀਕਾਰ ਕਰਦਾ ਹੈਂ ਦੁਖੀਆਂ ਦੇ ਦੁਖ ਨਵਿਰਤ ਕਰਦਾ ਹੈਂ ਮੈਂ ਭੀ ਇਕ ਆਜ਼ਜ ਆਪਦੀ ਸੇਵਾ ਵਿਚ ਹਥ ਬੰਨਕੇ ਖੜੀ ਹਾਂ ਹੇ ਸਚੇ ਅਕਾਲ ਪੁਰਖ ਤੂੰ ਮੇਰੀ ਬੇਨਤੀ ਨੂੰ ਭੀ ਦਰਗਾਹ ਵਿਚ ਕਬੂਲ ਕਰ ਜਿਸ ਤਰਾਂ ਦਰੋਪਤੀ ਦੀ ਕ੍ਰਿਸ਼ਨ ਬਨਕੇ ਸਹਾਇਤਾ ਕੀਤੀ ਪ੍ਰਹਿਲਾਦ ਦੀ ਨਰਸਿੰਘ ਬਨਕੇ ਸਹਾਇਤਾ ਕੀਤੀ ਇਸੇ ਤਰਾਂ ਹੀ ਮੇਰੀ ਉਮਰ ਜੋ ਬਾਕੀ ਹੈ ਉਸਨੂੰ ਸੁਖ ਭੋਗਨ ਦੀ ਬੇਨਤੀ ਨੂੰ ਸਵੀਕਾਰ ਕਰ।

ਮੇਰੇ ਸਚੇ ਪਾਤਸ਼ਾਹ ਨੇ ਮੇਰੀ ਅਰਜੀ ਕਬੂਲ ਕੀਤੀ ਤੇ ਮੈਨੂੰ ਇਹ ਦਿਨ ਵਿਖਾਇਆ ਜਿਸ ਵੇਲੇ ਮੈਂ ਆਵਨ ਵਾਸਤੇਪੈਹਲੇ ਦਿਨਹੀ ਤਿਆਰ ਹੋਈ ਸਾਂ,ਉਸ ਦਿਨ ਭੀ ਉਸ ਅਕਾਲ ਪੁਰਖ ਦੀ ਸੇਵਾ ਵਿਚ ਪਾਸ ਹੋਣ ਦੀ ਅਰਦਾਸ ਕਰਕੇ ਤੁਰੀ ਸਾਂ ਮੇਰੇ ਦਿਲ ਵਿਚ ਉਸ ਅਕਾਲ ਪੁਰਖ ਨੇ ਬਲ ਦਿਤਾ ਮੈਨੂੰ ਪੂਰਾ ਭਰੋਸਾ ਹੈ ਉਸੇ ਦੀ ਹੀ ਮਦਦ ਨਾਲ ਮੈਂ ਹਰਇਕ ਕੰਮ ਵਿਚ ਪੂਰੀ ਨਿਕਲਦੀ ਰਹੀ ਹਾਂ ਨਿਰਾ ਇਸੇ ਹੀ ਖਿਆਲ ਨਾਲ ਕੇ ਮੇਰੇ ਪ੍ਰਾਨ ਪਤੀ ਜੀ ਮੇਰੇ ਹੀ ਪ੍ਰਾਨ ਪਤੀ ਹੋ ਜਾਨ ਬਸ ਮੈਨੂੰ ਹੋਰ ਕੋਈ ਖਿਆਲ ਨਹੀਂ ਮੈਂ ਉਨਾਂ ਤੇ ਹਜਾਰ ਜਾਨ ਕੁਰਬਾਨ ਹੋ ਸਕਦੀ ਹਾਂ ਕਿਵੇਂ ਉਹ ਮੇਰੇ ਹੋ ਜਾਣ ਮੇਰੀ ਇਹ ਮੁਹਬਤ ਕੋਈ ਝੂਠੀ ਮੁਹਬਤ ਨਹੀਂ ਸੀ ਜੇ ਝੂਠੀ ਮੁਹਬਤ ਹੁੰਦੀ ਤਾਂ ਅਕਾਲ ਪੁਰਖ ਭੀ ਕਦੀ ਮੇਰੀ ਮਦਦ ਨ ਕਰਦੇ ਕਿਉਂ ਜੋ ਉਹ ਪਾਖੰਡੀਆਂ ਤੇ ਝੂਠਿਆਂ ਦੀ ਮਦਦ ਕਦੀ ਨਹੀਂ ਕਰਦੇ

ਜੇਕਰ ਕੋਈ ਤੀਵੀਂ ਮੈਨੂੰ ਬੁਰੇ ਖਿਆਲਾਂ ਵਾਲੀ ਸਮਝੇਗੀ ਉਹ ਨਰਕ ਦੀ ਭਾਗਨ ਹੋਵੇਗੀ।

ਇਸਨੂੰ ਪੜਨ ਵਾਲੇ ਕਈ ਖਿਆਲਾਂ ਦੇ ਹੋਣਗੇ ਤੇ ਮੈਂ ਕਿਸ ਕਿਸ ਦੀ ਸੇਵਾ ਵਿਚ ਨਿਵੇਦਨ ਕਰਾਂਗੀ ਕਈ ਵਿਚਾਰੇ ਇਸ ਸ਼ਾਸਤ੍ਰ ਦੀ ਸਾਰ ਨੂੰ ਨਹੀਂ ਜਾਨਦੇ ਹੋਨਗੇ, ਮੈਂ ਇਹ ਸਾਫ ਦਸ ਦੇਂਦੀ ਹਾਂ ਕਿ ਇਹੋ ਸਰਦਾਰ ਈਸ਼ਰ ਸਿੰਘ ਜੀ ਹੀ ਮੇਰੇ ਪਤੀ ਹਨ, ਤੇ ਮੈਂ ਪਤੀ ਜੀ ਦੀ ਸੇਵਾ ਵਿਚ ਜੋ ਵੀ ਕਰਾਂ ਉਹ ਉਚਿਤ ਹੈ ਜੇਹੜੇ ਮੇਰੇ ਖਿਆਲ ਸਨ ਉਹ ਬਿਲਕੁਲ ਠੀਕ ਸਨ ਮੈਂ ਇਹ ਸੋਚਦੀ ਸਾਂ, ਕਿ ਜੇ ਮੈਨੂੰ ਪ੍ਰਾਨ ਨਾਥ ਜੀ ਨੇ ਛਡ ਦਿਤਾ ਹੈ ਤਾਂ ਕੀ ਕੋਈ ਐਸਾ ਸੁਖ ਭੀ ਹੋਵੇਗਾ ਜੇਹੜਾ ਮੇਰੇ ਇਨਾਂ ਸੁਖਾਂ ਦੇ ਮੁਕਾਬਲੇ ਵਿਚ ਪੂਰਾ ਹੋਵੇ ਤੇ ਇਸ ਦੁਨੀਆਂ ਵਿਚ ਮੈਨੂੰ ਆਰਾਮ ਦੇ ਇਕ ਹੋਵੈ ਮੇਰੀ ਸਮਝ ਵਿਚ ਤਾਂ ਕੋਈ ਭੀ ਸੁਖ ਉਨਾਂ ਸੁਖਾਂ ਨਾਲ ਟਾਕਰਾ ਖਾਂਦਾ ਨ ਦਿਸਿਆ ਹੁਨ ਸਮਾਂ ਮਿਲਿਆ ਹੈ, ਤਾ ਮੈਂ ਕਿਉਂ ਨਾ ਉਸ ਸੁਖ ਦਾ ਅਨੰਦ ਦੇਖਾਂ ਜਿਸਮਦਾ ਸੁਖ ਕੋਈ ਵਡਾ ਸੁਖ ਨਹੀਂ ਜਿਤਨਾ ਕਿ ਸੁਖ ਦਿਲਦਾ ਹੈ ਇਕ ਇਹੋ ਹੀ ਗਲ ਸੀ ਜਿਸ ਕਰਕੇ ਮੈਂ ਉਨਾਂ ਦੀ ਬੇ ਮੁਲੀ ਨੌਕਰ ਬਨ ਗਈ ਸਾਂ ਆਪ ਹੁਣ ਸਮਝ ਲਵੋ ਕਿ ਮੈਂ ਪਤੀਬਰਤਾ ਹਾਂ।

ਹੁਨ ਮੈਂ ਮਰਦ ਪੜਨ ਵਾਲਿਆਂ ਨੂੰ ਹਾਸੇ ਦੇ ਤੌਰ ਤੇ ਕੁਝ ਅਰਜ ਕਰਦੀ ਹਾਂ ਕਿ ਜੋ ਅਕਲ ਕਾਲਜ ਵਿਚ ਇਮਤਿਹਾਨਾਂ ਤਕ ਰਹੀ ਉਹੀ ਅਕਲ ਪਿਛੋਂ ਵਕਾਲਤ ਵਿਚ ਲਗਾਕੇ ਦਸ ਰੁਪੈ ਮੇਹਨਤਾਨਾ ਲੈਨ ਦੇ ਆਹਰ ਵਿਚ ਲਗ ਗਈ ਪਰ ਪਤੀਬਰਤ ਜਾਂ ਇਸਤ੍ਰੀਬਰਤ ਹੋਨ ਦਾ ਤਾਂ

ਸਬਕ ਕਿਸੇ ਨੇ ਭੀ ਨਾ ਪੜ੍ਹਾਇਆ ਤੇ ਨਾ ਹੀ ਕਿਸੇ ਪੜ੍ਹਿਆ ਜੋ ਆਦਮੀ ਇਹ ਕੈਂਹਦੇ ਹਨ ਕਿ ਕੁੜਆਂ ਨੂੰ ਚੰਗੀ ਤਰਾਂ ਪੜ੍ਹਾ ਲਿਖਾਕੇ ਤੇ ਉਨ੍ਹਾਂ ਨੂੰ ਜਵਾਨ ਕਰਕੇ ਵਿਆਹੀਆਂ ਜਾਵੇ ਪਰ ਉਨ੍ਹਾਂ ਵਿਚਾਰਿਆਂ ਨੂੰ ਇਹ ਨਹੀਂ ਸੁਝਦੀ ਕੇ ਪਤੀ ਦੀ ਭਗਤੀ ਕਰਨੀ ਇਸਤ੍ਰੀ ਦਾ ਪਰਮ ਧਰਮ ਹੈ, ਤੇ ਇਹ ਤਾਲੀਮ ਵਿਚ ਹੋਨਾ ਸਭਨਾਲੋਂ ਵਡਾ ਫਰਜ਼ ਹੈ, ਅਸਲ ਵਿਚ ਤਾਂ ਇਹ ਫਰਜ਼ ਮਾਪਿਆਂ ਦਾ ਹੈ, ਪਿਤਾ ਦਾ ਫਰਜ਼ ਹੈ ਕਿ ਉਹ ਆਪਨੇ ਲੜਕੇ ਨੂੰ ਦੁਨਿਆਵੀ ਗਲਾਂ ਤੋਂ ਤਾਕ ਕਰਨ, ਹਰ ਇਕ ਗਲ ਦੀ ਵਾਕਫੀਅਤ ਕਰਾਉਨ, ਮਾਤਾ ਦਾ ਇਹ ਫਰਜ਼ ਹੈ, ਕਿ ਓਹ ਆਪਨੀ ਸੁਪੁਤ੍ਰੀ ਨੂੰ ਹਰ ਇਕ ਗਲ ਵਿਚ ਤਾਕ ਕਰੇ, ਪਤੀਬ੍ਰਤ ਧਰਮ ਦੇ ਗੁਨ ਦਸੇ, ਅਜੇਹੀ ਕੋਈ ਭੀ ਗੁਝੀ ਯਾਂ ਨਾ ਗੁਝੀ ਗਲ ਨ ਹੋਵੇ ਜਿਸ ਵਿਚ ਕੁੜੀ ਨਵਾਕਫ ਹੋਵੇ ਪਰ ਅਜ ਕਲ ਤਾਂ ਇਹ ਗਲ ਹੈ ਹੀ ਨਹੀਂ ਪਿਤਾ ਆਪਨੇ ਲੜਕੇ ਨੂੰ ਕੁਝ ਸਿਖਿਆ ਗਰਿਸਤ ਮਾਰਗ ਦੀ ਨਹੀਂ ਦਿੰਦਾ ਜਿਸ ਕਰਕੇ ਇਹ ਜ਼ਰੂਰ ਹੈ ਕੇ ਉਹ ਗ੍ਰਿਸਤ ਦੇ ਮਾਰਗ ਦੀ ਸਿਖਿਆ ਨੂੰ ਕਿਸੇ ਨਾ ਕਿਸੇ ਪਾਸੋਂ ਗ੍ਰੈਹਨ ਕਰੇ, ਸੋ ਉਹ ਆਪਨ ਮਿਤਰਾਂ ਯਾਂ ਜਿਨ੍ਹਾਂ ਨਾਲ ਉਸਦਾ ਬੈਠਨ ਉਠਨ ਹੁੰਦਾ, ਸਾਰੀ ਗਲ ਬਾਤ ਕਰਦਾ ਹੈ, ਹਰ ਇਕ ਆਦਮੀ ਦੁਨੀਆਂ ਵਿਚ ਭਲਾ ਨਹੀਂ ਤੇ ਹਰ ਇਕ ਬੁਰਾ ਨਹੀਂ ਸੋ ਜੋ ਉਸ ਦੀ ਮੁਲਾਕਾਤ ਕਿਸੇ ਭਲੇ ਪੁਰਖ ਨਾਲ ਹੁੰਦੀ ਹੈ, ਤਾਂ ਉਹ ਉਸਨੂੰ ਭਲੇ ਰਸਤੇ ਨਾਲ ਸਮਝਾਉਂਦਾ ਹੈ, ਕਿ ਜੇ ਕਿਸੇ ਉਹੋ ਜੇਹੇ ਨਾਲ ਹੁੰਦੀ ਹੈ, ਤਾਂ ਉਹ ਭੈੜੇ ੨ ਤ੍ਰੀਕੇ ਵਰਤੋਂ ਵਿਚ ਲਿਆਉਂਦਾ ਹੈ ਜਿਸ ਨਾਲ ਉਹ ਖਰਾਬ ਹੋ

ਜਾਂਦਾ ਹੈ ਇਹੋ ਹੀ ਵਤੀਰਾਂ ਮਾਵਾ ਦਾ ਹੈ ਉਹਭੀ ਆਪਨੀਆਂ ਲੜਕੀਆਂ ਨਾਲ ਗਰਿਸਤ ਦੀ ਗਲ਼ ਬਾਤ ਕਰਨੀ ਪਾਪ ਖਿਆਲ ਕਰਦੀਆਂ ਹਨ, ਜਿਸਦਾ ਨਤਜਾ ਇਹੋ ਹੀ ਨਿਕਲਦਾ ਹੈ, ਕਿ ਲੜਕੀਆਂ ਛੋਟੀ ਉਮਰ ਵਿਚਹੀ ਖਰਾਬ ਹੋ ਜਾਂਦੀਆਂ ਹਨ ਜਿਸ ਤੇ ਉਨ੍ਹਾਂ ਦੇ ਮਾਪੇ ਘਸੁੰਨ ਦੇ ਦੇ ਰੋਂਦੇ ਹਨ, ਜੇ ਲੜਕੀ ਯਾਂ ਲੜਕਾ ਸਭ ਕੁਛ ਆਪਨੇ ਮਾਪਿਆਂ ਵਲੋਂ ਸਿਖਿਆ ਹੋਇਆ ਹੋਵੇ ਤਾਂ ਇਹ ਕਦੀ ਭੀ ਨਹੀਂ ਹੋ ਸਕਦਾ ਕੇ ਉਹ ਉਸ ਨੂੰ ਸਿਖਿਆ ਕਿਸੇ ਬਰੇ ਤਰੀਕੇ ਨਾਲ ਦੇਨ ਜੋ ਸਿਖਿਆ ਉਸ ਬਚਪਨ ਵੇਲੇ ਦਿਤੀ ਜਾਵੇਗੀ, ਉਹ ਜਲਦੀ ਗ੍ਰੈਹਨ ਹੋ ਜਾਵੇਗੀ, ਹਾਥੀ, ਜਾਂ ਘੋੜੇ ਆਦਿਕ ਜੇਕਰ ਛੋਟੀ ਉਮਰ ਵਿਚ ਹੀ ਨਾ ਸਿਖਾਏ ਜਾਵਨ ਤਾਂ ਉਹ ਵਡੇ ਹੋ ਕੇ ਕਦ ਕੰਮ ਦਿੰਦੇ ਹਨ ਅਗੇ ਹਰ ਇਕ ਦੀ ਆਪਨੀ ਮਰਜੀ ਹੈ, ਜਿਸ ਤਰਾਂ ਚਾਹੇ ਕਰੇ, ਮੇਰਾ ਫਰਜ਼ ਤਾਂ ਸਿਰਫ ਕੈਹਨਾਂ ਹੀ ਹੈ ਅਗੇ ਕੋਈ ਮੰਨੇ ਜਾ ਨਾ ਮੰਨੇ ਹੁਨ ਮੈਂ ਫੇਰ ਆਪਨੀ ਰਾਮ ਕਹਾਨੀ ਵਲ ਆਪਨੂੰ ਲੈ ਜਾਂਦੀ ਹਾਂ।

ਤੁਸੀਂ ਕਹੋਗੇ ਕਿ ਇਹ ਹੋਮੈ ਦੀ ਗਲ ਹੈ, ਪਰ ਇਹ ਗਲ ਕਿਸੇ ਹਦ ਤਕ ਠੀਕ ਹੈ, ਤੀਵੀਆ ਤਾਂ ਇਕ ਮਿਟੀ ਦੀਆਂ ਮਟਕੀਆਂ ਵਾਂਗ ਹਨ ਜ਼ਰਾ ਜਿਨੀ ਠੋਕਰ ਲਗੀ ਤੇ ਝਟ ਟੁਟ ਜਾਂਦੀਆਂ ਹਨ, ਕਾਮ ਦੇਵ ਸਾਨੂੰ ਆਪਨੇ ਫੁਲਾਂ ਦੇ ਤੀਰਾਂ ਨਾਲ ਘਾਇਲ ਕਰ ਜਾਂਦਾ ਹੈ, ਫੇਰ ਸੋਚਨ ਵਾਲੀ ਗਲ਼ ਇਹ ਹੈ, ਕਿ ਨਾ ਤਾਂ ਉਸਦਾ ਚੇਹਰਾ ਹੀ ਤੇ ਨਾ ਹੀ ਉਸਦਾ ਜਿਸਮ ਮਲੂੰਮ ਹੁੰਦਾ ਹੈ ਪਰ ਪਤਾ ਨਹੀਂ ਕਿ ਉਹ ਫੁਲਾਂ ਦੇ ਤੀਰ ਕਿਸ ਤਰਾਂ ਮਾਰਦਾ ਹੈ, ਜੇਹੜੇ ਸਾਨੂੰ ਵਿਨੇ ਬਿਨਾ ਜਾਂਦੇ ਹੀ ਨਹੀਂ ਮਾਂ ਪਿਉ, ਮਰਦ ਜਾ ਤੀਵੀਂ ਕੋਈ

ਵੀ ਅਜਿਹਾ ਜ਼ੋਰ ਵਾਲਾ ਨਹੀਂ ਹੈ ਜਿਤਨਾ ਕਮ ਦੇਵ ਹੈ, ਤੀਵੀਆਂ ਦੇ ਹੰਕਾਰ ਨੂੰ ਤੋੜਨ ਵਾਲਾ ਜੇ ਕੋਈ ਹੈ ਤਾਂ ਨਿਰਾ ਇਹੋ ਹੀ ਹੈ, ਇਹੋ ਕਾਰਨ ਹੈ ਕੇ ਮੈਂ ਆਪਨੇ ਪਤੀ ਜੀ ਨੂੰ ਵਸ ਕਰਦਿਆਂ ੨ ਆਪ ਹੀ ਉਨ੍ਹਾਂ ਦੇ ਵਸ ਵਿਚ ਹੋ ਗਈ ਮੈਂ ਦੂਸਰੇ ਦੇ ਦਿਲ ਵਿਚ ਭਾਂਬੜ ਬਾਲਨ ਗਈ ਸਾਂ ਪਰ ਆਪਣੇ ਦਿਲ ਦਾ ਭਾਂਬੜ ਵੀ ਬਾਲ ਲਿਆਈ, ਗਈ ਤਾਂ ਸਾਂ ਮੈਂ ਦੂਸਰੇ ਨੂੰ ਰੰਗਨ ਵਾਸਤੇ ਪਰ ਆਪ ਭੀ ਰੰਗੀ ਗਈ ਮੈਂ ਤਾਂ ਖ਼ੂਨ ਕੀਤਾ ਹੀ ਸੀ, ਜਿਸਦੀ ਸਜ਼ਾ ਵਿਚ ਮੈਂ ਖ਼ੁਦ ਵੀ ਫਾਂਸੀ ਉਪਰ ਚੜ੍ਹ ਗਈ ਏਹ ਤਾਂ ਮੈਂ ਪੈਹਲੇ ਜੀ ਕੈਹ ਚੁਕੀ ਹਾਂ ਕਿ ਉਹ ਬੜੇ ਸੁੰਦਰ ਤੇ ਜਵਾਨ ਸਨ, ਏਹ ਖ਼ੂਬਸੂਰਤੀ ਉਨ੍ਹਾਂ ਨੂੰ ਕਿਸ ਨੇ ਦਿਤੀ ਸੀ, ਮੇਰੇ ਖਿਆਲ ਨਾਲ ਤਾਂ ਅਕਾਲ ਪੁਰਖ ਨੇ ਐਸੀ ਸੁੰਦਰਤਾ ਨਿਰੀ ਇਕ ਮੇਰੇ ਹੀ ਪ੍ਰਾਨ ਪਤੀ ਜੀ ਨੂ ਦਿਤੀ ਸੀ।

ਇਮਤਿਹਾਨ ਤਾਂ ਮੈਂ ਦੇਣਾ ਹੀ ਸੀ, ਇਮਤਿਹਾਨ ਦਾ ਵੇਲਾ ਵੀ ਆਗਿਆ, ਮੈਂ ਉਨ੍ਹਾਂ ਦੀ ਦਿਲ ਵਾਲੀ ਹੋਗਈਸਾਂ, ਆਪਨੀ ਸਾਫ ਨੀਯਤ ਨਾਲ ਆਪਨਾ ਦਬਦਬਾ ਉਨ੍ਹਾਂ ਪਰ ਬਿਠਾ ਚੁਕੀ ਸਾਂ, ਜੇ ਉਹ ਮੈਨੂੰ ਇਮਤਿਹਾਨ ਦੇਨ ਵਾਲੇ ਦਿਨ ਮਾਰਕੇ ਕਢ ਵੀ ਦੇਂਦੇ ਮੈਂ ਤਦ ਭੀ ਉਨਾਂ ਕੋਲੋਂ ਕਦੀ ਵੀ ਵਖ ਨਾ ਹੁੰਦੀ ਮੈਨੂੰ ਹਰ ਤਰਾਂ ਉਨਾਂ ਦੀ ਸੇਵਾ ਵਿਚ ਰੈਹਨਾ ਮਨਜ਼ੂਰ ਸੀ, ਮੈਂ ਆਪਨੇ ਪ੍ਰਾਨ ਪਤੀ ਜੀ ਦੀ ਸੇਵਾ ਵਿਚ ਹਾਜ਼ਰ ਹੋਨ ਦੀ ਖ਼ਾਤਰ ਭਾਵੇਂ ਕੁਝ ਵੀ ਕਰਨਾ ਪੈਂਦਾ ਕਦੀ ਭੀ ਝੂਠੀ ਸ਼ਰਮ ਹਯਾ ਵਿਚ ਪੈਕੇ ਰੁਕਨ ਵਾਲੀ ਨਹੀਂ ਸਾਂ।

ਇਮਤਿਹਾਨ ਹੋ ਗਿਆ, ਅਠ ਦਿਨ ਬੀਤ ਗਏ,

ਬਗੈਰ ਕੁਝ ਕਹੇ ਸੁਨੇ ਦੇ ਅਸੀਂ ਦੋਵੇਂ ਜਣੇ ਇਕ ਦੂਸਰੇ ਦੇ ਹੋਗਏ, ਉਨ੍ਹਾਂ ਨੇ ਮੈਨੂੰ ਪੈਹਲਾਂ ਇਕ ਭੈੜੀ ਤੇ ਛੜਾਰ ਤੀਵੀਂ ਸਮਝਿਆ ਸੀ ਪਰ ਮੈਂ ਉਸ ਬਦਨਾਮੀ ਨੂੰ ਸੈਹਗਈ ਹੁਣ ਮੈਂ ਭਾਵੇਂ ਕਿਸੇ ਵੀ ਤਰਾਂ ਦੀ ਕਿਉਂ ਨਾ ਹੋਵਾਂ, ਉਹ ਮੈਨੂੰ ਵੱਖ ਨਹੀਂ ਕਰਨਗੇ।

--o--

## ੧੭.

## ਫਾਂਸੀ ਪਿਛੋਂ ਜ਼ਿਰਾਹ ਦਾ ਮੁਕਦਮਾ

ਅਸੀਂ ਦੋਵੇਂ ਜਨੇ ਕੁਛ ਦਿਨ ਤਾਂ ਕਲਕਤੇ ਵਿਚ ਰਹੇ, ਇਹ ਦਿਨ ਹਾਸੇ ਖੁਸ਼ੀ ਵਿਚ ਹੀ ਲੰਘ ਗਏ, ਇਕ ਦਿਨ ਖਤ ਆਇਆ ਜਿਸਨੂੰ ਪੜਦਿਆਂ ਹੀ ਉਨ੍ਹਾਂ ਦਾ ਦਿਲ ਉਦਾਸੀ ਨਾਲ ਭਰ ਗਿਆ, ਤੇ ਉਹ ਉਦਾਸੀ ਚੇਹਰੇ ਦੀ ਰਾਹੀਂ ਭਾਸਨ ਲਗੀ, ਜਿਸ ਤੇ ਮੈਂ ਉਨ੍ਹਾਂ ਨੂੰ ਪੁਛਿਆ ਕਿ ਕਿਉਂ ਅਜ ਕਿਸ ਗਲ ਦਾ ਫਿਕਰ ਹੈ, ਤੁਹਾਡਾ ਚੇਹਰਾ ਅਗੇ ਤਾਂ ਹਸੂੰ ੨ ਕਰਦਾ ਰੈਂਹਦਾ ਸੀ, ਕਦੀ ਗਮੀ ਇਸ ਤੇ ਆਈ ਹੀ ਨਹੀਂ ਸੀ, ਪਰ ਅਜ ਤਾਂ ਬਿਲਕੁਲ ਹੀ ਉਸਦੇ ਉਲਟ ਨਜ਼ਰ ਆਉਂਦਾ ਹੈ।

ਉਹ ਬੋਲੇ ਕਿ ਘਰੋਂ ਖਤ ਆਇਆ ਹੈ, ਹੁਨ ਉਥੇ ਜਾਣਾ ਹੋਵੇਗਾ।

ਮੈਂ:—ਤੇ ਮੈਂ ਕਿਥੇ ?

ਬਸ ਮੈਂ ਜਿਥੇ ਖੜੋਤੀ ਸਾਂ ਉਥੇ ਹੀ ਖੜੀ ਰੈਹ ਗਈ ਅਖਾਂ ਵਿਚੋਂ ਅਥਰੂਆਂ ਦੀ ਝੜੀ ਬੱਝ ਗਈ, ਉਨਾਂ ਨੇ ਮੇਰੇ ਦੋਹਾਂ ਹਥਾਂ ਨੂੰ ਆਪਨੇ ਕਮਲ ਫੁਲ ਵਰਗੇ ਹਥਾਂ ਵਿਚ

ਲੈਕੇ ਉਤਰ ਦਿਤਾ।

"ਮੈਭੀ ਤਾਂ ਇਹੋ ਸੋਚ ਰਿਹਾ ਹਾਂ ਕਿਉਂ ਜੋ ਮੈਂ ਤੁਹਾਨੂੰ ਛੱਡ ਕ ਜਾ ਹੀ ਨਹੀਂ ਸਕਦਾ"

ਮੈਂ–ਉਥੇ ਚਲਕੇ ਮੈਨੂੰ ਲੋਕਾਂ ਵਿਚ ਕਿਸਤਰਾਂ ਰਖਗੇ ਤੇ ਲੋਕਾਂ ਨੂੰ ਕੀ ਆਖੋਗ ।

ਪਤੀ ਜੀ–ਫਿਕਰ ਵੀ ਤਾਂ ਇਸੇ ਹੀ ਗਲ ਦਾ ਹੈ ਉਹ ਕੋਈ ਵਡਾ ਸ਼ੈਹਰ ਨਹੀਂ ਜਿਥੇ ਤੁਹਾਨੂੰ ਕਿਸੇ ਦੂਜੀ ਥਾਂ ਰਖਾਂ ਤੇ ਨਾ ਕੋਈ ਹੋਰ ਗਲ ਹੀ ਨਿਕਲੇ।

ਮੈਂ–ਕੀ ਬਿਨਾਂ ਜ ਏ ਦੇ ਕੰਮ ਨਹੀਂ ਹੋਵੇਗਾ।

ਪਤੀ ਜੀ–ਜਾਨਾ ਜਰੂਰ ਹੋਵੇਗਾ।

ਮੈਂ–ਕਿਨੇ ਦਿਨਾਂ ਵਿਚ ਮੁੜ ਆਉਨਾ ਹੋਵੇਗਾ ਜੇ ਛੇਤੀ ਹੀ ਆਉਨਾ ਹੋਵੇ ਤਾਂ ਮੈਨੂ ਬੇਸ਼ਕ ਇਥੇ ਹੀ ਰੈਹਣ ਦਿਓ।

ਪਤੀ ਜੀ–ਛੇਤੀ ਆਉਨ ਦੀ ਕੋਈ ਆਸ ਨਹੀਂ ਕਲਕਤੇ ਵਿਚ ਅਉਨਾ ਤਾਂ ਕਿਸੇ ਕੰਮ ਨਾਲ ਹੀ ਹੁੰਦਾ ਹੈ।

ਮੈਂ–ਚੰਗਾ ਫੇਰ ਹੁਨ ਤੁਸੀਂ ਜਾਉ ਜੇ ਮੇਰੀ ਕਿਸਮਤ ਵਿਚ ਇਹੋ ਹੀ ਲਿਖਿਆ ਸੀ ਤਾਂ ਇਸ ਪਾਸੋਂ ਚੰਗਾਂ ਹੋਰ ਕਿਸਤਰਾਂ ਹੋ ਸਕਦਾ ਸੀ।

ਪਤੀ ਜੀ–ਮੈਂ ਤਾਂ ਤੁਹਾਡੇ ਬਿਨਾ ਪਾਗਲ ਹੋ ਜਾਵੇਗਾਂ।

ਮੈਂ–ਮੈਂ ਕੋਈ ਆਪਦੀ ਵਿਆਹੁਣ ਇਸਤ੍ਰੀ ਤਾਂ ਹਾਂ ਨਹੀਂ ਮੇਰਾ ਤੁਹਾਡੇਉਪਰਕੀ ਜੋਰਹੈ ਮੈਨੂੰਹੁਨ ਛੁਟੀ ਦੇ ਦੇਵੋ।

ਪਤੀ ਜੀ–ਚੰਗਾ ਅਜ ਇਹੋ ਜੇਹੀਆਂ ਗਲਾਂ ਦਾ ਦਿਨ ਨਹੀਂ ਹੈ ਕਲ ਤਕ ਮੈਂ ਸੋਚ ਬਿਚਾਰ ਕੇ ਕੋਈ ਰਾਹ

ਕੜ ਹੀ ਲਵਾਂਗਾ।

ਤੀਸਰੇ ਪੈਹਰ ਉਨਾਂ ਨੇ ਇਕ ਖਤ ਬਾਬੂ ਗਜੰਦਰ ਸਿੰਘ ਜੀ ਵਲ ਲਿਖ ਭੇਜਿਆ ਕਿ ਤੁਸਾਂ ਨਾਲ ਕੋਈ ਗਲ ਕਰਨੀ ਹੈ ਉਹ ਗਲ ਮੈਂ ਲਿਖ ਨਹੀਂ ਸਕਦਾ ਇਸ ਵਾਸਤੇ ਆਪ ਕ੍ਰਿਪਾ ਕਰਕੇ ਮੇਰੇ ਮਕਾਨ ਤੇ ਦਰਸ਼ਨ ਦੇਵੋ।

ਸ੍ਰ: ਗਜਿੰਦਰ ਸਿੰਘ ਜੀ ਆਏ ਮੈਂ ਬੂਹੇ ਪਿਛੇ ਬੈਹਕੇ ਉਨਾਂ ਦੀਆਂ ਗਲਾਂ ਸੁਣਨ ਲਗੀ।

ਪਤੀ ਜੀ—ਜੇਹੜੀ ਤੀਵੀਂ ਆਪਦੀ ਰਸੋਈ ਕਰਦੀ ਸੀ ਉਸਦਾ ਨਾ ਕੀ ਹੈ।

ਗ: ਸਿੰਘ—ਬਸੰਤ ਕੌਰ।

ਪਤੀ ਜੀ—ਉਸਦਾ ਘਰ ਕਿਥੇ ਹੈ।

ਗ: ਸਿੰਘ—ਇਹ ਮੈਂ ਇਸ ਵੇਲੇ ਨਹੀ ਦਸ ਸਕਦਾ।

ਪਤੀ ਜੀ—ਕੀ ਉਸਦਾ ਪਤੀ ਜੀਉਦਾਂ ਹੈ।

ਗ: ਸਿੰਘ—ਹਾਂ ਜੀਉਂਦਾ ਹੈ।

ਪਤੀ ਜੀ—ਕੀ ਤੁਸੀਂ ਉਸਨੂੰ ਜਾਨਦੇ ਹੋ।

ਗ: ਸਿੰਘ—ਹਾਂ ਮੈਂ ਉਸਨੂੰ ਚੰਗੀ ਤਰਾਂ ਜਾਨਦਾ ਹਾਂ।

ਪਤੀ ਜੀ—ਉਹ ਕੌਨ ਹਨ।

ਗ: ਸਿੰਘ—ਐਸ ਵੇਲੇ ਮੈਂ ਦਸ ਨਹੀਂ ਸਕਦਾ।

ਪਤੀ ਜੀ—ਕੀ ਇਸ ਵਿਚ ਕੋਈ ਗੁਝਾ ਭੇਦ ਹੈ ਜਿਸ ਕਰਕੇ ਤੁਸੀਂ ਦਸ ਨਹੀਂ ਸਕਦੇ।

ਗ: ਸਿੰਘ—ਹਾਂ ਜੀ ਅਜਿਹਾ ਹੀ ਹੈ।

ਪਤੀ ਜੀ·ਬਸੰਤ ਕੌਰ ਤੁਸਾਡੇ ਕੋਲ ਕਿਸਤਰਾਂ ਆਈ।

ਗ: ਸਿੰਘ—ਮੇਰੀ ਸਿੰਘਨੀ ਮੇਰੀ ਭੈਣ ਜੀ ਕੋਲੋਂ ਲੈ ਆਈ ਸੀ।

ਪਤੀ ਜੀ—ਹਛਾ ਇਨ੍ਹਾਂ ਬੇਥਵੀਆਂ ਗਲਾਂ ਨੂੰ ਛਡੋ ਤੇ ਦਸੋ ਕੀ ਉਸਦਾ ਚਾਲ ਚਲਨ ਚੰਗਾ ਹੈ ਜਾ ਬੁਰਾ।

ਗ: ਸਿੰਘ—ਹਾਂ ਬਹੁਤ ਹੀ ਚੰਗਾ ਹੈ, ਪਰ ਇਕ ਐਬ ਜ਼ਰੂਰ ਹੈ।

ਪਤੀ ਜੀ—ਉਹ ਕੀ ?

ਗ: ਸਿੰਘ-ਸਾਡੀ ਮਿਸ਼ਰਾਨੀ ਨੂੰ ਬਹੁਤ ਖਪਾਇਆ ਕਰਦੀ ਹੈ। ਹੋਰ ਕੋਈ ਐਬ ਜਾ ਭੈੜ ਨਹੀਂ।

ਪਤੀ ਜੀ-ਮੈਂ ਤਾਂ ਉਸਦੇ ਚਾਲ ਚਲਨ ਦੀ ਬਾਬਤ ਪੁਛ ਰਿਹਾਂ ਹਾਂ।

ਗ: ਸਿੰਘ—ਬਸੰਤ ਕੌਰ ਨਾਲੋਂ ਹੋਰ ਕੋਈ ਚੰਗੇ ਚਾਲ ਚਲਨ ਵਾਲੀਂ ਤੀਵੀਂ ਮੇਰੀ ਸਮਝ ਵਿਚ ਨਹੀਂ ਹੈ।

ਪਤੀ ਜੀ-ਇਸ ਦਾ ਘਰ ਕਿਥੇ ਹੈ ਤੁਸੀਂ ਦਸਦੇ ਕਿਉਂ ਨਹੀਂ ?

ਗ: ਸਿੰਘ-ਮੈਨੂੰ ਏਹ ਦਸਨ ਦਾ ਕੋਈ ਹਕ ਨਹੀਂ।

ਪਤੀ ਜੀ—ਉਨ੍ਹਾਂ ਦਾ ਸੋਹਰਾ ਘਰ ਕਿਥੇ ਹੈ।

ਗ: ਸਿੰਘ -ਇਥੋਂ ਉਤਰ ਵਲ।

ਪਤੀ ਜੀ—ਕੀ ਉਸਦਾ ਪਤੀ ਅਜੇ ਜੀਊਂਦਾ ਹੈ।

ਗ: ਸਿੰਘ—ਹਾਂ ਜੀ ! ਹਾਂ ਜੀ !!

ਪਤੀ ਜੀ—ਕੀ ਤੁਸੀਂ ਉਸਨੂੰ ਜਾਨਦੇ ਹੋ ?

ਗ: ਸਿੰਘ—ਮੈਂ ਚੰਗੀ ਤਰਾਂ ਜਾਨਦਾ ਹਾਂਪਛਾਨਦਾਹਾਂ।

ਪਤੀ ਜੀ—ਐਸ ਵੇਲੇ ਬਸੰਤ ਕੌਰ ਕਿਥੈ ਹੈ ?

ਗ: ਸਿੰਘ—ਆਪਦੇ ਇਸੇ ਘਰ ਵਿਚ।

ਪਤੀ ਜੀ—ਏਹ ਸੁਨਕੇ ਹੈਰਾਨ ਹੋ ਗਏ ਕੇ ਇਨ੍ਹਾਂ ਨੂੰ ਕਿਸ ਤਰਾਂ ਪਤਾ ਹੈ, ਇਨ੍ਹਾਂ ਨੂੰ ਕਿਸ ਖਬਰ ਦਿਤੀ।

ਪਤੀ ਜੀ—ਤੁਹਾਨੂੰ ਇਹ ਕਿਸਤਰਾਂ ਪਤਾ ਹੈ ?

ਗ: ਸਿੰਘ—ਮੈਨੂੰ ਏਹ ਜਵਾਬ ਦੇਨ ਦਾ ਹਕ ਨਹੀਂ ਹੁਨ ਤੁਸੀਂ ਮੈਨੂੰ ਏਹ ਦਸੋ ਕਿ ਅਜੇ ਤੁਹਾਡੀ ਜਿਰਹ ਮੁਕੀ ਹੈ ਕਿ ਨਹੀਂ।

ਪਤੀ ਜੀ—ਹਾਂ ਮੁਕ ਤਾਂ ਗਈ ਪਰ ਤੁਸਾਂ ਮੈਨੂੰ ਏਹ ਤਾਂ ਪੁਛਿਆਹੀ ਨਹੀਂ ਕਿ ਇਹ ਸੁਵਾਲ ਮੈਂ ਕਿਉਂ ਕੀਤੇ ?

ਗ: ਸਿੰਘ—ਇਸਦੇ ਦੋ ਸਬਬ ਹਨ, ਇਕ ਤਾਂ ਇਹ ਕਿ ਤੁਸੀਂ ਮੈਨੂੰ ਪੁਛਨ ਤੇ ਵੀ ਨਾਂ ਦਸੋਗੇ ਕਿਉਂ ਇਹ ਠੀਕ ਹੈ ਕਿ ਨਹੀਂ ?

ਪਤੀ ਜੀ—ਹਾਂ ਜੀ ਠੀਕ ਹੈ, ਦੂਸਰਾ ਕੀ ਸਬਬ ਹੈ ?

ਗ: ਸਿੰਘ—ਦੂਜਾ ਸਬਬ ਇਹ ਕਿ ਜੋ ਗਲਾਂ ਤੁਸੀਂ ਮੈਨੂੰ ਪੁਛਦੇ ਹੋ ਉਹ ਮੈਂ ਸਾਰੀਆਂ ਹੀ ਜਾਨਦਾ ਹਾਂ।

ਪਤੀ ਜੀ—ਬੜੀ ਹੈਰਾਨੀ ਦੀ ਗਲ, ਹੈ ਕਿ ਤੁਸੀਂ ਸਬ ਕੁਛ ਜਾਂਨਦੇ ਹੋ ਹਛਾ ਜੇ ਜਾਨਦੇ ਹੋ ਤਾਂ ਦਸੋ ਕਿ ਤੁਹਾਂਨੂੰ ਕੀ ਕੁਝ ਪਤਾ ਹੈ।

ਗ: ਸਿੰਘ—ਦਸ ਨਹੀਂ ਸਕਦਾ।

ਪਤੀ ਜੀ—ਕੀ ਮੇਰੀ ਖਾਹਸ਼ ਪੂਰੀ ਹੋਵੇਗੀ ਕੀ ਨਹੀਂ ਇਹ ਤਾਂ ਦਸੋ।

ਗ: ਸਿੰਘ—ਹਾਂਜੀਪੂਰੀਹੋਵੇਗੀ ਬੜੀ ਚੰਗੀ ਤਰਾਂਤੁਸੀਂ ਬਸੰਤ ਕੋਰ ਪ ਸੋਂ ਕਿਉਂ ਨਹੀਂ ਪੁਛਦੇ।

ਪਤੀ ਜੀ—ਚੰਗਾ ਜੇ ਸਾਰਾ ਭਾਰ ਮੇਰੇ ਸਿਰ ਤੇ ਹੀ ਹੈ ਤਾਂ ਜਦ ਸਮਾਂ ਲਗਾ ਪੁਛਕੇ ਹੀ ਛਡਾਂਗਾ।

ਫੇਰ ਹੋਰ ਕਈ ਕਿਸਮ ਦੀਆਂ ਗਪਾਂ ਵਜਦੀਆਂ ਰਹੀਆਂ ਅਖੀਰ ਕੁਝਚਿਰਪਿਛੋਂ ਸ੍ਰ:ਤ ਗ: ਸਿੰਘ ਜੀ ਚਲੇਗਏ ਤੇ ਪਤੀ ਜੀ ਮੇਰੇ ਕੋਲ ਆਏ ਮੈਂ ਪੁਛਿਆ ਕਿ ਸੁਨਾਓ ਇਹ

ਕੀ ਗਲਾਂ ਹੁੰਦੀਆਂ ਸਨ, ਓਹ ਬੋਲੇ ਕੀ ਤੁਸਾਂ ਸਾਰੀਆਂ ਸੁਨ ਲਈਆਂ ਸਨ । ਹਾਂ ਜੀ ਮੈਂ ਸੁਨ ਲਈਆਂ ਸਨ ।

--੮--

## ੧੯

## ਜੂਆ ਚੋਰੀ ਦਾ ਬੰਦੋਬਸਤ

ਮੇਰੇ ਪਰਾਨ ਪਤੀ ਜੀ ਸਾਰੀ ਰਾਤ ਪਤਾ ਨਹੀ ਕੀ ਸੋਚਦੇ ਰਹੇ ਮੇਰੇ ਨਾਲ ਭੀ ਕੋਈ ਗਲ ਨਹੀ ਕੀਤੀ ਪਰ ਕਦੀ ਕਦੀ ਟੇਡੀ ਅੱਖ ਦੇਖ ਜਰੂਰ ਲੈਂਦੇ ਸਨ, ਮੈਂ ਉਨਾਂ ਦੀ ਇਹ ਹਾਲਤ ਵੇਖਕੇ ਕੁਝ ਦੁਖੀ ਹੁੰਦੀ ਸਾਂ ਪਰ ਆਪਨੇ ਦੁਖਾਂ ਨੂੰ ਛੁਟੀ ਦੇ ਕੇ ਉਨਾਂ ਨੂੰ ਖੁਸ਼ ਕਰਨ ਦੇ ਤਰੀਕੇ ਵਰਤ ਦੀ ਸਾਂ ਮੈਂ ਫੁਲਾਂ ਦੀ ਮਾਲਾ ਉਨ੍ਹਾਂ ਦੇ ਗਲ ਵਿਚ ਪਾਈ, ਕਈ ਤਰਾਂ ਦੀਆਂ ਸਾਖੀਆਂ ਸੁਨਾਈਆਂ ਪਰ ਅਜ ਉਨ੍ਹਾਂ ਦੇ ਦਿਲ ਉਤੇ ਰਾਈ ਦੇ ਦਾਨੇ ਮਾਤਰ ਵੀ ਅਸਰ ਨਾ ਹੋਇਆ ਦਿਨ ਚੜ੍ਹਿਆ ਮੈਂ ਉਨ੍ਹਾਂ ਨੂੰ ਅਸ਼ਨਾਨ ਕਰਾਇਆ ਤੇ ਆਪ ਭੀ ਅਸ਼ਨਾਨ ਕਰ ਨਿਤ ਨੇਮ ਕੀਤਾ, ਪਰਸ਼ਾਦ ਛਕਣ ਪਿਛੋਂ ਪੁਛਣ ਲਗੇ ਮੈਂ ਜੋ ਕੁਝ ਤੁਹਾਡੇ ਪਾਸੋਂ ਪੁਛਾਂਗਾ ਕੀ ਤੁਸੀਂ ਉਸਦਾ ਉਤਰ ਠੀਕ ੨ ਦਿਉਗੇ ॥

ਮੈਂ:-ਕਹਾਂਗੀ ਤਾਂ ਮੈਂ ਸੱਚ ਸੱਚ ਪਰ ਸਾਰੀਆਂ ਗਲਾਂ ਦਾ ਉਤਰ ਨਹੀਂ ਦੇਵਾਂਗੀ:-

ਉਹ ਬੋਲੇ ਮੈਂ ਸੁਨਿਆ ਹੈ ਕਿ ਤੁਹਾਡਾ ਪਤੀ ਜੀਉਂਦਾ ਹੈ ਕੀ ਤੂੰ ਉਨਾਂ ਦਾ ਨਾਮ ਮੈਨੂੰ ਦਸ ਦੇਵ ਗੀ:-

ਮੈ:-ਹਾਂ ਜੀ ਮੇਰੇ ਪਿਆਰੇ ਪਰਾਨ ਪਤੀ ਜੀ ਜੀਉਂਦੇ ਹਨ ਪਰ ਉਨ੍ਹਾਂ ਦਾ ਨ ਮ ਮੈਂ ਅਜੇ ਨਹੀ ਦਸਾਂਗੀ ਥੋੜੇ ਦਿਨ ਬੀਤਨ ਪਿਛੋਂ ਮੈਂ ਸਭ ਕੁਝ ਦਸ ਦੇਵਾਂਗੀ ।

ਪਤੀ ਜੀ–ਉਹ ਅਜ ਕਲ ਕਿਥੇ ਰੈਂਹਦੇ ਹਨ।

ਮੈਂ–ਕਲਕਤੇ ਵਿਚ

ਪਤੀ ਜੀ (ਕੁਝ ਹੈਰਾਨ ਹੋਕੇ) ਤੁਸੀਂ ਵੀ ਕਲਕਤੇ ਵਿਚ ਤੇ ਆਪ ਦੇ ਪਤੀ ਜੀ ਵੀ ਕਲਕਤੇ ਵਿਚ ਫੇਰ ਤੁਸੀਂ ਉਨ੍ਹਾਂ ਪਾਸ ਕਿਉਂ ਨਹੀ ਰੈਂਹਦੇ।

ਮੈਂ:–ਉਨਾਂ ਨਾਲ ਮੇਰੀ ਜਾਨ ਪਛਾਨ ਨਹੀਂ।

ਪਤੀ ਜੀ–ਹੈਰਾਨ ਹੋ ਗਏ ਤੇ ਬੋਲੇ ਕਿ ਬੜੀ ਹੈਰਾਨੀ ਦੀ ਗਲ ਹੈ ਕਿ ਮਰਦ ਤੇ ਇਸਤਰੀ ਵਿਚ ਜਾਨ ਪਛਾਨ ਨ ਹੋਵੇ।

ਮੈਂ–ਤੁਸੀਂ ਹੀ ਦਸੋ ਕੇ ਕੀ ਤੁਹਾਨੂੰ ਪਛਾਨ ਹੈ ਉਹ ਮੇਰੇ ਇਨਾਂ ਲਫਜਾਂ ਤੇ ਘਬਰਾ ਗਏ ਤੇ ਕੋਈ ਜਵਾਬ ਨਹੀਂ ਦਿਤਾ ਹੈ।

ਪਤੀ ਜੀ–ਏਹ ਤਾਂ ਦਸੋ ਕਿ ਤੁਹਾਡੀ ਵਲੋਂ ਮੇਰੇ ਉਤੇ ਕੋਈ ਦਾਵਾ ਤਾਂ ਨਹੀਂ ਕਰੇਗਾ,

ਮੈਂ:–ਏਹ ਗਲ ਮੇਰੇ ਅਖਤਿਆਰ ਵਿਚ ਹੈ।

ਪਤੀ ਜੀ–ਮੈਂ ਤੁਹਾਨੂੰ ਇਹ ਸਾਫ ਕੈਂਹਦਾ ਹਾਂ ਕਿ ਤੁਸੀਂ ਬੜੇ ਚਲਾਕ ਹੋ ਪਰ ਹੁਨ ਮੈਨੂੰ ਸਲਾਹ ਵੀ ਦਸੋ।

ਮੈਂ–ਹੁਕਮ ਕਰੋ ਜੋ ਪੁਛਨਾ ਚਾਹੁੰਦੇ ਹੋ।

ਪਤੀ ਜੀ–ਮੈਨੂੰ ਘਰ ਤਾਂ ਜ਼ਰੂਰ ਜਾਣਾ ਪਵੇਗਾ।

ਮੈਂ–ਇਹ ਤਾਂ ਮੈਂ ਪੈਹਲੋਂ ਹੀ ਜਾਨਦੀ ਹਾਂ,

ਪਤੀ ਜੀ-ਘਰ ਜਾਕੇ ਫੇਰ ਮੁੜ ਕੇ ਆਉਂਨਾ ਮੁਸ਼ਕਲ ਹੈ।

ਮੈਂ:–ਇਹ ਭੀ ਮੈਂ ਸੁਣ ਚੁਕੀ ਹਾਂ।

ਪਤੀ ਜੀ–ਤੁਹਾਨੂੰ ਛਡ ਕੇ ਜਾਨ ਨੂੰ ਜੀ ਨਹੀ ਕਰਦਾ ਤੇ ਮੈਂ ਬਗੈਰ ਤੁਹਾਡੇ ਜ਼ਰੂਰ ਹੀ ਮਰ ਜਾਵਾਂਗਾ,

ਮੇਰਾ ਦਿਲ ਵੀ ਭਰ ਆਇਆ, ਪਰ ਮੈਂ ਹਸਦੀ ਹੋਈ ਨੇ ਆਖਿਆ ਅਗੇ ਹੀ ਚੋਲ ਘਟ ਹਨ ਪਰ ਅਜੇ ਚਿੜੀਆਂ ਕਾਵਾਂ ਨੂੰ ਹੋਰ ਘੱਟ ਕਰਨ ਦੀ ਪਈ ਹੈ।

ਪਤੀ ਜੀ-ਕੋਇਲ ਦੀ ਅਵਾਜ ਕਾਂ ਪਸੋਂ ਕਦ ਬੰਦ ਹੁੰਦੀ ਹੈ ਮੈਂ ਜ਼ਰੂਰ ਤੁਹਾਨੂੰ ਆਪਨੇ ਨਾਲ ਲੈ ਜਾਵਾਂਗਾ।

ਮੈਂ-ਮੈਨੂੰ ਕਿਥੇ ਰਖੋਗੇ ਘਰ ਵਾਲਿਆ ਨਾਲ ਵੀ ਮਿਲਾਓਗੇ ਕੇ ਨਹੀ ?

ਪਤੀ ਜੀ-ਜੂਆ ਚੋਰੀ ਕਰਾਗਾਂ ਕਲ ਸਾਰੀ ਰਾਤ ਤਾਂ ਇਹੋ ਹੀ ਸੋਚਾਂ ਸੋਚਦਾ ਰਿਹਾ ਸਾਂ ਜਿਸ ਕਰਕੇ ਤੁਹਾਡੇ ਨਾਲ ਵੀ ਕੋਈ ਗੱਲ ਬਾਤ ਨਹੀ ਕਰ ਸਕਿਆ ਸਾਂ।

ਮੈਂ-ਤਾਂ ਕੀ ਫੇਰ ਇਹ ਕਹੋਗੇ, ਕਿ ਇਹੋ ਹੀ ਕ੍ਰਿਪਾਲ ਕੌਰ (ਮੇਰਾ ਅਸਲੀ ਨਾ) ਹੈ ਗਜਿੰਦਰ ਸਿੰਘ ਜੀ ਦੇ ਘਰੋਂ ਮਿਲੀ ਹੈ।

ਪਤੀ ਜੀ-ਤੂੰ ਕੌਨ ਹੈਂ ਦਸਦੀ ਕਿਉਂ ਨਹੀਂ।

ਮੇਰੇ ਪਰਾਨ ਪਤੀ ਜੀ ਦੀਆਂ ਅਖਾਂ ਹੇਠਾਂ ਨੂੰ ਹੋ ਗਈਆਂ ਉਹ ਮੈਨੂੰ ਬੜੀ ਨੀਝ ਲਾਕੇ ਦੇਖਨ ਲਗ ਪਏ ਮੈਂ ਪੁਛਿਆ ਦਸੋ ਕੀ ਹੋਇਆ।

ਪਤੀ ਜੀ:-ਤੈਨੂੰ ਕ੍ਰਿਪਾਲ ਕੌਰ ਦੇ ਨਾਂ ਦਾ ਕਿਸਤ੍ਰਾਂ ਪਤਾ ਲਗਾ ?

ਤੁਸੀ: ਕਿਸ ਤਰਾਂ ਮੇਰੇ ਦਿਲ ਦਾ ਭੇਦ ਬੁਝ ਗਏ ਤੁਸੀਂ ਕੋਈ ਤੀਵੀਂ ਹੋ ਯਾ ਦੇਵ ਲੋਕ ਦੀ ਕੰਨਿਆਂ

ਮੈਂ-ਇਹ ਪਿਛੋਂ ਦਸਾਂਗੀ ਪੈਹਲਾਂ ਤੁਸੀਂ ਸਬ ਗਲਾਂ ਪੁਛ ਲਵੋ,

ਪਤੀ ਜੀ:-(ਹੈਰਾਨ ਹੋਕੇ) ਕਹੋ।

ਮੈਂ-ਉਸ ਦਿਨ ਤੁਸਾਂ ਆਪੇ ਹੀ ਤਾਂ ਕਿਹਾ ਸੀ, ਕੇ ਜੇ

ਹੁਨ ਉਹ ਮਿਲ ਵੀ ਜਾਵੇ ਤਾਂ ਮੈਂ ਉਸ ਨੂੰ ਆਪਨੇ ਘਰ ਨਹੀ ਵਸਾਵਾਂਗਾ ਪਰਹੁਣ ਮੈਨੂੰ ਉਸੇਹੀ ਕ੍ਰਿਪਾਲਕੌਰਦੇਨਾਮ ਨਾਲ ਰਖਨ ਨੂੰ ਤਿਆਰ ਹੋ ਹੁਨ ਤੁਹਾਨੂੰ ਬਰਾਦਰੀ ਵਿਚੋਂ ਕੋਈ ਕੁਝ ਨਹੀ ਕਹੇਗਾ।

ਪਤੀ ਜੀ-ਡਰ ਤਾਂ ਹੁਣ ਵੀ ਹੈ ਪਰ ਉਸ ਦਿਨ ਜਾਨ ਉਤੇ ਖੇਡਨ ਦੀ ਗਲ ਨਹੀ ਸੀ, ਹੁਨ ਤਾਂ ਜਾਨ ਉਤੇ ਬਾਜੀ ਆ ਲਗੀ ਹੈ, ਦਸੋ ਜਾਨ ਪਿਆਰੀ ਹੈ ਕਿ ਜ਼ਾਤ ਬਰਾਦਰੀ ਅਤੇ ਅਜੇ ਉਹ ਵੀ ਕੋਈ ਗਲ ਨਹੀ। ਅਜੇ ਕੋਈ ਇਹ ਨਹੀ ਕੈਂਹਦਾ ਕਿ ਕ੍ਰਿਪਾਲ ਕੌਰ ਜ਼ਾਤ ਬਰਾਦਰੀ ਵਿਚੋਂ ਕਡੀ ਹੋਈ ਹੈ, ਕਾਲਾ ਦੇਗੀ ਵਿਚ ਜੇਹੜਾ ਡਾਕਾ ਵਜਾ ਸੀ, ਉਸ ਡਾਕੇ ਦੇ ਮਾਰਨ ਵਾਲੇ ਸਾਰੇ ਦੇ ਸਾਰੇ ਹੀ ਫੜੇ ਜਾਕੇ ਦੰਡ ਭੁਗਤ ਚੁਕੇ ਹਨ, ਉਨਾਂ ਲੋਕਾਂ ਨੂੰ ਇਹ ਕਿਹਾ ਸੀ, ਕਿ ਅਸੀਂ ਉਸ ਦੇ ਸਾਰੇ ਗੈਹਨੇ ਤੇ ਕਪੜੇ ਲਾਹ ਲੀਤੇ ਸਨ ਤੇ ਉਸ ਨੂੰ ਛੱਡ ਦਿਤਾ ਸੀ ਅਗੇ ਪਤਾ ਨਹੀ ਜੋ ਉਸ ਨਾਲ ਕੀ ਹੋਇਆ, ਮੈਂ ਐਵੇਂ ਕਿਉਂ ਉਸ ਨੂੰ ਬਦਨਾਮ ਕਰਾਂ ਜੋ ਗਜਿੰਦਰ ਸਿੰਘ ਲਿਖ ਦੇਣਗੇ ਸਾਰੇ ਉਸ ਉਤੇ ਹੀ ਭਰੋਸਾ ਕਰਨਗੇ ਤੇ ਜੇਕਰ ਕੋਈ ਰੌਲਾ ਪਿਆ ਵੀ ਤਾਂ ਦੋ ਦੁਵਾਕੇ ਫੈਸਲਾ ਕਰ ਲਿਆ ਜਾਵੇਗਾ।

ਮੈਂ:-ਮੰਨ ਲਿਆ ਕੇ ਜੇ ਸਬ ਕੁਜ ਇਸੇਤਰਾਂ ਹੀ ਹੋਇਆ ਤਾਂ ਫੇਰ ਕੀ ਕੀਤਾ ਜਾਵੇਗਾ?

ਪਤੀ ਜੀ-ਜੇ ਕੋਈ ਫਿਕਰ ਹੈ ਤਾਂ ਨਿਰਾ ਇਨਾ ਹੀ ਹੈ ਕਿ ਕੋਈ ਤੁਹਾਨੂੰ ਨਕਲੀ ਕ੍ਰਿਪਾਲ ਕੌਰ ਦੇ ਜੁਰਮ ਵਿਚ ਨ ਫੜ ਲਵੇ।

ਮੈਂ-ਤੁਹਾਡੇ ਘਰ ਵਾਲਿਆਂ ਵਿਚੋਂ ਉਸਨੂੰ ਕਿਸੇ ਨੇ ਵੀ ਚੰਗੀ ਤਰਾਂ ਨਹੀ ਦੇਖਿਆ ਜੇ ਦੇਖਿਆ ਹੋਵੇਗਾ ਤਾਂ ਉਹ

ਛੋਟੀ ਉਮਰ ਵਿਚ ਹੁਨ ਤਾਂ ਕਿਨਾ ਚਿਰ ਹੋ ਗਿਆ ਹੈ' ਜਵਾਨੀ ਵਿਚ ਜੋ ਸ਼ਕਲ ਹੁੰਦੀ ਹੈ, ਓਹ ਬਚਪਨ ਵਿਚ ਨਹੀ ਹੁੰਦੀ।

ਤੇ ਨਾਹੀ ਉਹ ਮੈਨੂੰ ਪਛਾਨਦੇ ਹਨ ਫੇਰ ਮੈਂ ਫੜੀ ਕਿਸਤਰਾਂ ਜਾਵਾਂਗੀ।

ਪਤੀ ਜੀ:-ਗਲਾਂ ਬਾਤਾਂ ਵਿਚ ਹੀ ਨਵੇਂ ਆਦਮੀ ਦਾ ਪਤਾ ਨਿਕਲ ਆਉਂਦਾ ਹੈ।

ਮੈਂ-ਤਾਂ ਤੁਸੀਂ ਮੈਨੂੰ ਸਾਰੀਆਂ ਹੀ ਗਲਾਂ ਹੁਣੇ ਸਿਖਾ ਦੇਵੋ।

ਪਤੀ ਜੀ-ਇਹ ਤਾਂ ਮੈਂ ਸੋਚ ਰਿਹਾ ਹਾਂ ਪਰ ਸਿਖਾ-ਈਆਂ ਹੋਈਆਂ ਗਲਾਂ ਹੋਰ ਹੁੰਦੀਆਂ ਹਨ, ਕੇਹੜੀ ਕੇਹੜੀ ਗਲ ਮੈਂ ਸਿਖਾਵਾਂਗਾ, ਜੇ ਤੁਹਾਡੀ ਜ਼ੁਬਾਨ ਵਿਚੋਂ ਕੋਈ ਓਹ ਜੇਹੀ ਗਲ ਨਿਕਲ ਗਈ ਯਾਂ ਅਸਲੀ ਕ੍ਰਿਪਾਲ ਕੌਰ ਆ ਗਈ ਤਾਂ ਜਰੂਰ ਹੀ ਝੂਠ ਦਾ ਭਾਂਡਾ ਟੁਟ ਜਾਵੇਗਾ ਮੈਂ ਨਿਰਾ ਇਹੋ ਹੀ ਸੋਚ ਰਿਹਾ ਹਾਂ।

ਮੈਂ ਖਿੜ ਖਿੜਾਕੇ ਹਸ ਪਈ ਤੇ ਕਿਹਾ ਸੁਣੋ ਹੁਨ ਤੁਸੀਂ ਆਪ ਹੀ ਏਹ ਕੈਂਹਦੇ ਸਓ ਕਿ ਤੂੰ ਤਾਂ ਤੀਵੀਂ ਨਹੀਂ ਹੈਂ ਕੋਈ ਦੇਵ ਕੰਨਿਆਂ ਹੈਂ।

ਮੈਂ ਸਚ ਮੁਚ ਕੋਈ ਅਨੋਖੀ ਤਾਂ ਹਾਂ ਨਹੀਂ ਜੋਕੁਛ ਮੈਂ ਹਾਂ ਇਹ ਫੇਰ ਦਸਾਂਗੀ ਹੁਨ ਨਿਰਾ ਇਨਾ ਹੀ ਕੈਹ ਸਕਦੀ ਹਾਂ ਕਿ ਮੇਰੇ ਫੜਨ ਵਾਲਾ ਇਸ ਦੁਨੀਆਂ ਵਿਚ ਕੋਈ ਨਹੀਂ।

ਪਤੀ ਜੀ-ਕੁਝ ਚਿਰ ਸੋਚਨ ਪਿਛੋਂ ਬੋਲੇ ਮੈਂ ਇਹ ਸੋਚਦਾ ਹਾਂ ਕੇ ਜ਼ਰੂਰ ਤੁਸੀਂ ਕੋਈ ਦੇਵ ਕੰਨਿਆ ਹੋ ਪਰ ਜੇ ਤੁਸੀਂ ਮੇਰੀਆਂ ਗਲਾਂ ਦਾ ਉਤਰ ਦੇਵੋ ਤਾਂ ਮੈਨੂੰ ਯਕੀਨ ਹੋਵੇ।

ਮੈਂ-ਚੰਗਾ ਪੁਛਦੇ ਜਾਓ।

ਪਤੀ ਜੀ–ਇਹ ਤਾਂ ਤੁਹਾਨੂੰ ਪਤਾ ਹੀ ਹੈ ਕਿ ਮੇਰੀ ਪਤਨੀ ਦਾ ਨਾਮ ਕ੍ਰਿਪਾਲ ਕੌਰ ਹੈ, ਪਰ ਇਹ ਤਾਂ ਦਸੋ ਜੋ ਮੇਰੇ ਸੌਹਰੇ ਸਾਹਿਬ ਦਾ ਕੀ ਨਾਮ ਹੈ,

ਮੈਂ–ਹਰਨਾਮ ਸਿੰਘ

ਪਤੀ ਜੀ–ਉਨ੍ਹਾਂ ਦਾ ਘਰ ?

ਮੈਂ–ਮਹੇਸ਼ ਪੁਰ ਵਿਚ ।

ਪਤੀ ਜੀ–ਆਪ ਕੌਨ ਹੋ ?

ਮੈਂ–ਇਹ ਤਾਂ ਤੁਹਾਨੂੰ ਪੈਹਲੇ ਹੀ ਕੈਹ ਚੁਕੀ ਹਾਂ, ਕੇ ਮੈਂ ਵੇਲੇ ਸਿਰ ਦਸਾਂਗੀ ।

ਪਤੀ ਜੀ– ਤੁਸਾਂ ਤਾਂ ਕਿਹਾ ਸੀ, ਕਿ ਮੈਂ ਕਾਲਾ ਢੇਗੀ ਦੀ ਰੈਹਨ ਵਾਲੀ ਹਾਂ, ਕਾਲਾ ਢੇਗੀ ਦੇ ਲੋਕਾਂ ਨੂੰ ਤਾਂ ਇਨ੍ਹਾਂ ਗਲਾਂ ਦਾ ਬਿਲਕੁਲ ਹੀ ਪਤਾ ਨਹੀਂ ਹੈ, ਹੁਨ ਤੁਸੀਂ ਇਹ ਤਾਂ ਦਸੋ, ਕਿ ਹਰਨਾਮ ਸਿੰਘ ਜੀ ਦੇ ਘਰ ਦਾ ਵਡਾ ਬੂਹਾ ਕਿਧਰ ਹੈ ?

ਮੈਂ–ਦਖਨ ਵਲ ਇਕ ਵਡਾ ਸਾਰਾ ਫਾਟਕ ਹੈ, ਉਸ ਤੇ ਦੋ ਸ਼ੇਰ ਖੜੋਤੇ ਹਨ ।

ਪਤੀ ਜੀ–ਉਨ੍ਹਾਂ ਦੇ ਕਿਨੇ ਪੁਤਰ ਹਨ ?

ਮੈਂ–ਇਕ ।

ਪਤੀ ਜੀ-ਕੀ ਨਾਮ ਹੈ ?

ਮੈਂ–ਹਰਕਿਸ਼ਨ ਸਿੰਘ

ਪਤੀ ਜੀ–ਕ੍ਰਿਪਾਲ ਕੌਰ ਦੀਆਂ ਕਿੰਨੀਆਂ ਭੈਣਾਂ ਹਨ ?

ਮੈਂ–ਜਿਸ ਵੇਲੇ ਤੁਹਾਡਾ ਵਿਆਹ ਹੋਇਆ ਸੀ, ਉਸ ਵੇਲੇ ਦੋ ਸਨ ।

ਪਤੀ ਜੀ–ਉਨ੍ਹਾਂ ਦਾ ਕੀ ਨਾ ਸੀ ?

ਮੈਂ-ਕ੍ਰਿਪਾਲ ਕੌਰ ਤੇ ਸੁੰਦਰ ਕੌਰ।

ਪਤੀ ਜੀ:-ਕੀ ਉਨ੍ਹਾਂ ਦੇ ਘਰ ਦੇ ਕੋਲ ਕੋਈ ਤਲਾ ਵੀ ਹੈ ?

ਮੈਂ-ਹਾਂ ਇਕ ਤਲਾ ਛੋਟਾ ਜਿਹਾ ਹੈ, ਜਿਸ ਵਿਚ ਕੌਲ ਫੁਲ ਲਗੇ ਰਹਿੰਦੇ ਹਨ।

ਪਤੀ ਜੀ-ਮੈਂ ਸਮਝ ਗਿਆ ਹਾਂ ਕੇ ਤੁਸੀਂ ਕਿਸੇ ਵੇਲੇ ਮਹੇਸ਼ ਪੁਰ ਵਿਚ ਜਰੂਰ ਰੈਂਹਦੇ ਹੋਵੋਗੇ ਜੋ ਗਲਾਂ ਹੋਈਆਂ ਹਨ ਬਿਲਕੁਲ ਠੀਕ ਹਨ, ਇਸ ਵਿਚ ਤਾਂ ਕੋਈ ਅਨੋਖੀ ਗਲ ਹੈ, ਭਲਾ ਦਸੋ ਖਾਂ ਕਿ ਕ੍ਰਿਪਾਲ ਕੌਰ ਦੇ ਵਿਆਹ ਵੇਲੇ ਇਕ ਤੀਵੀਂ ਨੇ ਮੇਰੇ ਕੰਨ ਨੂੰ ਦਬਾਇਆ ਸੀ ਦਸੋਂ ਖਾਂ ਉਹ ਕੌਣ ਸੀ ?

ਮੈਂ-ਰਾਜ ਦੇਈ ਸੀ ਬੁੱਢੀ ਤੇ ਮੋਟੀ ਮੋਟੀ ਅਖਾਂ ਵਾਲੀ, ਜਿਸਦਾ ਨਕ ਪੈਹਲਾ ਢਿਲਾ ਨਹੀਂ ਸੀ ਹੁਨ ਢਿਲਾ ਹੈ।

ਪਤੀ ਜੀ-ਭਲਾ ਸਾਡਾ ਅਨੰਦ ਕਿਥੇ ਹੋਇਆ ਸੀ ?

ਮੈਂ-ਦਾਲਾਨ ਵਾਲੀ ਕੋਠੜੀ ਵਿਚ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਸਥਾਪਨ ਹੁੰਦੇ ਹਨ।

ਪਤੀ ਜੀ-ਓਹੋ ਹੁਣ ਪਤਾ ਲਗਾ ਹੈ ਕਿ ਤੁਸੀਂ ਵਿਆਹ ਵੇਲੇ ਭੀ ਉਥੇ ਹੀ ਸਾਉ ਤੇ ਕਿਸੇ ਵਲੋਂ ਉਥੇ ਮੇਲ ਵਿਚ ਗਏ ਹੋਵੋਗੇ।

ਇਨ੍ਹਾਂ ਕੈਹਕੇ ਕੁਝ ਚਿਰ ਤਕ ਬਿਲਕੁਲ ਚੁਪ ਰਹੇ, ਤੇ ਸੋਚਦਿਆਂ ਸੋਚਦਿਆਂ ਬੋਲੇ ਜੇਕਰ ਦੋ ਚਾਰ ਗਲਾਂ ਹੋਰ ਦਸੋ ਤਾਂ ਪੁਛਾਂ !

ਮੈਂ-ਜਦ ਮੈਂ ਆਪਦੀ ਦਾਸੀ ਹੀ ਹੋ ਗਈ ਹਾਂ ਤਾਂ ਅਟਕਾ ਕਿਸ ਗਲ ਦੀ ਹੈ ਆਪ ਪੁਛੋ।

ਪਤੀ ਜੀ—ਮੈਂ ਇਕ ਗਲ ਕ੍ਰਿਪਾਲ ਕੌਰ ਦੇ ਕੰਨ ਵਿਚ, ਬਾਗੀਚੇ ਵਿਚ ਸੈਰ ਕਰਦਿਆਂ ਕਹੀ ਸੀ, ਕੀ ਤੁਸੀਂ ਉਹ ਗਲ ਮੈਨੂੰ ਦਸ ਸਕਦੇ ਹੋ, ਤੇ ਜੋ ਮੈਂ ਸਜ਼ਾ ਦਿਤੀ ਸੀ ਉਹ ਭੀ ਦਸ ਸਕਦੇ ਹੋ ?

ਮੈਂ—ਜਰਾ ਚੁਪ ਹੋ ਗਈ, ਤੇ ਸੋਚਨ ਲਗੀ ਕੇ ਕੀ ਇਸ ਸੁਵਾਲ ਦਾ ਜਵਾਬ ਦੇਨਾ ਉਚਤ ਹੈ, ਇਨੇ ਵਿਚ ਹੀ ਪਤੀ ਜੀ ਬੋਲ ਉਠੇ ਪਤਾ ਲਗ ਗਿਆ ਹੈ, "ਤੁਸੀਂ ਦੇਵ ਕੰਨਿਆਂ ਨਹੀਂ ਹੋ" ਮੇਰੀ ਜਾਨ ਬਚੀ ਮੈਂ ਇਹੋ ਸੋਚਿਆ ਕਿ ਜੇ ਮੈਂ ਇਹ ਜਵਾਬ ਨ ਦੇ ਸਕੀ ਤਾਂ ਝੂਠੀ ਪਵਾਂਗੀ। ਅਖੀਰ ਬੋਲੀ ਕੀ ਤੁਸੀਂ ਇਹ ਗਲ ਬਾਗ ਵਿਚ ਸੈਰ ਕਰਦਿਆਂ ਹੋਇਆਂ ਨਹੀਂ ਸੀ ਕਹੀ ਕਿ ਕ੍ਰਿਪਾਲ ਕੌਰੇ ਦਸ ਜੋ ਮੇਰਾ ਤੇਰੇ ਨਾਲ ਕੀ ਸਬੰਧ ਹੈ ਜਿਸ ਦੇ ਉਤਰ ਵਿਚ ਕ੍ਰਿਪਾਲ ਕੌਰ ਨੇ ਕਿਹਾ ਸੀ ਕੇ ਤੁਸੀਂ ਮੇਰੀ ਨਨਾਨ ਦੇ ਲਾਹੜੇ ਹੋ ਜਿਸ ਤੇ ਤੁਸਾਂ ਇਕ ਹੌਲੀ ਜੇਹੀ ਚਪੇੜ ਉਸਦੀ ਗਲ ਤੇ ਮਾਰੀ ਸੀ ਠੀਕ ਹੈ, ਜਾ ਗਲਤ ?

ਹੁਨ ਤਾਂ ਮੇਰੀ ਜਾਨ ਦੇ ਮਾਲਿਕ ਪ੍ਰਾਨਪਤੀ ਜੀ ਤਕੀਏ (ਵਡੇ ਸਰਾਹਣੇ) ਉਪਰ ਮੂੰਹ ਰਖਕੇ ਕੁਛ ਸੋਚਨ ਲਗ ਪਏ।

ਤੇ ਥੋੜੇ ਚਿਰ ਪਿਛੋਂ ਬੋਲੇ ਜਾਂ ਤਾਂ ਤੁਸੀ ਅਸਲੀ ਕ੍ਰਿਪਾਲ ਕੌਰ ਹੋ ਤੇ ਜਾਂ ਜ਼ਰੂਰ ਹੀ ਦੇਵ ਕੰਨਿਆਂ ਹੋ।

--o--

## ੧੯.

# ਵਿਦਿਆ ਧਰੀ

ਮੈਂ ਇਹ ਗਲ ਦਿਲ ਵਿਚ ਠਾਨ ਲਈ ਸੀ ਕਿ

ਥੋੜੇ ਚਿਰ ਵਾਸਤੇ ਇਨ੍ਹਾਂ ਨੂੰ ਜ਼ਰੂਰ ਹੈਰਾਨ ਕਰਦੀ ਰਵਾਂਗੀ।

ਇਸ ਵਾਸਤੇ ਮੈਂ ਉਨਾਂ ਨਾਲ ਇਸਤਰਾਂ ਗਲਾਂ ਕਰਨੀਆਂ ਸ਼ੁਰੂ ਕੀਤੀਆ "ਜੇ ਆਪ ਜ਼ਰੂਰ ਹੀ ਮੇਰੀ ਰਾਮ ਕਹਾਨੀ ਸੁਨਣੀ ਚਾਹੁੰਦੇ ਹੋ, ਤਾਂ ਆਪਦੀ ਦਾਸੀ ਹੋਨ ਦੀ ਹਸੀਅਤ ਵਿਚ ਆਪ ਨੂੰ ਕਿਸੇਤਰਾਂ ਦਾ ਭੀ ਰੰਜ ਨਹੀਂ ਹੋਨ ਦਿਆਂਗੀ। ਮੈਂ ਆਪ ਨੂੰ ਦਸ ਦਿੰਦੀ ਹਾਂ, ਕਿ ਮੈਂ ਸਚ ਮੁਚ ਹੀ ਕੋਈ ਸਧਾਰਨ ਤੀਵੀਂ ਨਹੀਂ ਹਾਂ ਪਰ ਮੇਰਾ ਘਰ ਉਸ ਬੁਰਜ ਵਾਲੇ ਮੰਦਰ ਵਿਚ ਹੈ, ਮੈਂ ਕੋਈ ਡਾਕਨੀ ਨਹੀਂ ਹਾਂ, ਮੈਂ ਪੈਹਲਾਂ ਦੇਵ ਲੋਕ ਵਿਚ ਪਰੀ ਹੁੰਦੀ ਸਾਂ, ਇਕ ਦਿਨ ਮੈਂ ਇਕ ਅਜਿਹੀ ਭੁਲ ਕੀਤੀ ਜਿਸਦਾ ਮੈਨੂੰ ਏਹ ਦੰਡ ਮਿਲਿਆ ਕਿ ਮਾਤ ਲੋਕ ਵਿਚ ਭੇਜੀ ਗਈ ਹਾਂ ਅਤੇ ਏਹ ਜੋ ਮੈਂ ਰਸੋਇਆ ਦਾ ਕੰਮ ਕੀਤਾ ਹੈ, ਇਹ ਭੀ ਓਸੇ ਹੀ ਦੰਡ ਦਾ ਹਿਸਾ ਹੈ, ਹੁਣ ਮੇਰੇ ਦੰਡ ਦੀ ਮੁਨਿਆਦ ਪੁਗ ਗਈ ਹੈ, ਹੁਣ ਵਾਹਿਗੁਰੂ ਮੇਰੇ ਉਪਰ ਪਰਸੰਨ ਹਨ ਤੇ ਮੈਂ ਆਸ਼ਾ ਕਰਦੀ ਹਾਂ ਕਿ ਉਨਾ ਦੀ ਅਸੀਸ ਨਾਲ ਮੇਰੇ ਸਾਰੇ ਦੁਖ ਹਰਨ ਹੋ ਜਾਨਗੇ, ਮੈਂ ਫੇਰ ਉਸੇ ਹੀ ਤਰਾਂ ਆਪਨੇ ਅਨੰਦ ਭੋਗਾਂਗੀ।

ਪਤੀ ਜੀ–ਉਹ ਬੁਰਜ ਵਾਲਾ ਘਰ ਕਿਥੇ ਹੈ ?

ਮੈਂ:–ਉਹੋ ਹੀ ਆਪਦੇ ਸੌਹਰੇ ਘਰ ਦੇ ਉਤਰ ਵਿਚ

ਪਤੀ ਜੀ–ਕੁਝ ਚਿਰ ਸੋਚਨ ਪਿਛੋਂ ਬੋਲੇ, ਕਿ ਹੋਵੇ ਨਾ ਹੋਵੇ ਤੁਸੀਂ ਹ ਮੇਰੀ ਕ੍ਰਿਪਾਲ ਕੋਰ ਹੋ ਕਿਹਾ ਚੰਗਾ ਹੋਵੇ ਜੇ ਇਹੋ ਬਸੰਤ ਕੋਰ ਹੀ ਕ੍ਰਿਪਾਲ ਕੌਰ ਹੋ ਜਾਵੇ।

ਮੈਂ:–ਭਾਵੇਂ ਮੈਂ ਕੋਈ ਵੀ ਹੋਵਾਂ, ਪਰ ਮਹੇਸ਼ ਪੁਰ ਪੁਜਨ ਤੇ ਇਹ ਸਾਰੀਆਂ ਗਲਾਂ ਦਾ ਤਮਾਸ਼ਾ ਮੁਕ ਜਾਵੇਗਾ।

ਪਤੀ ਜੀ–ਚਲੋ ਤਾਂ ਹੁਣੇ ਹੀ ਮਹੇਸ਼ ਪੁਰ ਚਲੀਏ

ਫੇਰ ਮੈਂ ਤੁਹਾਨੂੰ ਕਾਲਾ ਦੇਗੀ ਦੇ ਪਾਸੋਂ ਕੱਲਿਆਂ ਨੂੰ ਮਹੇਸ਼ ਪੁਰ ਤੋਰਕੇ ਆਪ ਭੀ ਕਲਾ ਹੀ ਆਪਨੇ ਘਰ ਨੂੰ ਚਲਾ ਜਾਵਾਂਗਾ ਤੇ ਚਾਰ ਦਿਨਾਂ ਪਿਛੋਂ ਆਪ ਕੋਲ ਮਹੇਸ਼ ਪੁਰ ਆਵਾਂਗਾ, ਪਰ ਇਕ ਗਲ ਇਹ ਹੈ ਕਿ ਭਾਵੇਂ ਤੁਸੀਂ ਬਸੰਤ ਕੌਰ, ਹੋਵੇ, ਭਾਵੇਂ ਕ੍ਰਿਪਾਲ ਕੌਰ ਭਾਵੇਂ ਕੋਈ ਹੋਰ ਹੋਵੋ, ਪਰ ਮੈਨੂੰ ਬ੍ਰਹੋਂ ਦੀ ਅਗਨ ਵਿਚ ਨਾ ਜਲੌਣਾ।

ਮੈਂ ਸ਼ਰਮ ਨਾਲ ਮੂੰਹ ਨੀਵਾਂ ਪਾ ਲਿਆ।

ਪਤੀ ਜੀ–ਬਾਹਰ ਜਾਣ ਵਾਲੇ ਹੀ ਸਨ ਕਿ ਬਾਹਰੋਂ ਕਿਸੇ ਦੇ ਆਉਣ ਦਾ ਖੜਕਾਰ ਹੋਇਆ। ਹੈਰਾਨ ਹੋਕੇ ਬੋਲੇ ਕਿ ਕੌਨ ਆ ਰਿਹਾ ਹੈ, ਕਿਸੇ ਨੌਕਰ ਨੇ ਇਸਨੂੰ ਰੋਕਿਆ ਵੀ ਨਹੀਂ, ਅਜੇ ਪੂਰੀ ਗੱਲ ਕਰ ਹੀ ਰਹੇ ਸਨ ਕਿ ਸ੍ਰ: ਗਜਿੰਦਰ ਸਿੰਘ ਜੀ ਪੁਜ ਪਏ, ਤੇ ਬੋਲੇ ਕੇ ਰਤਨ ਕੌਰ ਨੇ ਤੇਰੀ ਸੁਖ ਸਾਂਦ ਪੁਛ ਭੇਜੀ ਹੈ, ਦਸੋ ਜੋ ਰਤਨ ਕੌਰ ਨੂੰ ਕੀ ਉਤਰ ਦਿਆਂ।

ਮੈਂ ਬੋਲੀ ਪੈਹਲਾਂ ਮੇਰੀ ਸਤਿ ਸ੍ਰੀ ਅਕਾਲ ਕੈਹਨੀ ਤੇ ਫੇਰ ਇਹ ਮੇਰੀ ਵਲੋਂ ਬੇਨਤੀ ਕਰਨੀ, ਕਿ ਮੈਂ ਕਲ ਮਹੇਸ਼ ਪੁਰ ਜਾਵਾਂਗੀ, ਉਮੈਦ ਹੈ ਕਿ ਵਾਹਗੁਰੂ ਜੀ ਦੀ ਕਿਰਪਾ ਨਾਲ ਮੇਰੇ ਦੁਖ ਕਟੇ ਜਾਣਗੇ।

ਪਤੀ ਜੀ–ਕੀ ਤੁਹਾਨੂੰ ਇਨਾਂ ਸਾਰੀਆਂ ਗਲਾਂ ਦਾ ਪਤਾ ਹੈ ?

ਗਜਿੰਦਰ ਸਿੰਘ–ਮੈਂ ਤਾਂ ਬਿਲਕੁਲ ਬੇ ਖਬਰ ਹਾਂ, ਪਰ ਰਤਨ ਕੌਰ ਜੀ ਜਰੂਰ ਜਾਨਦੇ ਹੋਣਗੇ।

ਬਾਹਰ ਜਾਕੇ ਪਤੀ ਜੀ ਸ੍ਰ: ਗਜਿੰਦਰ ਸਿੰਘ ਪਾਸੋਂ ਪੁਛਨ ਲਗੇ ਕੀ ਤੁਸੀਂ ਡਾਕਨੀ ਵਿਦਿਆ ਧਰੀ ਯੋਗਨੀ ਆਦਿਕਾਂ ਨੂੰ ਮੰਨਦੇ ਹੋ ਉਨਾਂ ਨੇ ਉਤਰ ਦਿਤਾ

ਕਿ ਹਾਂ ਮੈਂ ਉਨਾਂ ਨੂੰ ਲੋੜ ਅਨੁਸਾਰ ਮੰਨਦਾ ਹਾਂ।

ਪਤੀ:–ਬਸੰਤ ਕੌਰ ਨੂੰ ਸਰਾਪ ਮਿਲਿਆ ਹੈ ਓਹ ਵਿਦਿਆ ਧਰੀ ਹੈ ਤੇ ਨਾਲੇ ਅਪਨੀ ਪਤਨੀ ਜੀ ਪਾਸੋਂ ਮੈਨੂੰ ਇਹ ਪੁਛ ਦੇਣਾ ਕਿ ਠੀਕ ਬਸੰਤ ਕੌਰ ਹੀ ਕ੍ਰਿਪਾਲ ਕੌਰ ਹੈ ਜ਼ਾਂ ਕੁਝ ਹੋਰ ਭੇਦ ਹੈ।

ਬਿਨਾਂ ਕੋਈ ਗਲ ਬਾਤ ਕੀਤੇ ਦੇ ਸ੍ਰਦਾਰ ਗਜਿੰਦ੍ਰ ਸਿੰਘ ਜੀ ਮੁਸ਼ਕਰਾਉਂਦੇ ਹੋਏ ਚਲੇ ਗਏ।

## ੨੦.

## ਵਿਦਿਆ ਧਰੀ ਦਾ ਉਡ ਜਾਣਾ

ਮੇਰੇ ਪ੍ਰਾਨ ਪਤੀ ਜੀ ਮੇਰੇ ਨਾਲ ਕਾਲਾ ਦੇਗੀ ਤਕ ਆਏ ਤੇ ਆਪ ਮੁੜ ਪਿਛੇ ਆਪਣੇ ਘਰ ਨੂੰ ਚਲੇ ਗਏ।

ਜਦ ਮੈਂ ਉਥੇ ਪਹੁੰਚੀ ਤਾਂ ਫੇਰ ਉਸੇ ਹੀ ਥਾਂ ਨੂੰ ਵੇਖਦਿਆਂ ਮੇਰੇ ਰੋਮਾਂਚ ਹੋ ਆਇਆ ਮੇਰੇ ਲੂੰ ਕੰਡੇ ਕਿਉਂ ਖੜੇ ਹੋਏ ? ਇਸਦਾ ਕ ਰਨ ਪਾਠਕ ਆਪ ਜਾਨਦੇ ਹੀ ਹਨ ਇਹ ਉਹੋ ਭਿਆਨਕ ਜਗਾ ਹੈ ਜਿਥੇ ਮੈਂ ਡਾਕੂਆਂ ਦੇ ਹਥ ਆਕੇ ਇਤਨਾ ਦੁਖ ਭੋਗਿਆ। ਮੇਰੀ ਪਾਲਕੀ ਕੁਝ ਵਿਥ ਤੇ ਚਲੀ ਗਈ ਜਿਉਂ ਜਿਉਂ ਮੈਂ ਉਸਥਾਂ ਤੋਂ ਦੂਰ ਹੁੰਦੀ ਜਾਂਦੀ ਸਾਂ ਤਿਉਂ ਤਿਉਂ ਹੀ ਮੇਰੇ ਦਿਲ ਦਾ ਹੌਂਸਲਾ ਵਧਦਾ ਜਾਂਦਾ ਸੀ ਹੌਲੀ ੨ ਮੈਂ ਪਿੰਡ ਦੇ ਨੇੜੇ ਪੁਜ ਗਈ। ਪਿੰਡ ਤੋਂ ਬਾਹਰ ਹੀ ਮੈਂ ਪਾਲਕੀ ਵਾਲਿਆਂ ਨੂੰ ਪਿਛੇ ਮੋੜ ਦਿਤਾ ਤੇ ਆਪ ਨੰਗੀ ਪੈਰੀਂ ਆਪਨੇ ਪਿਆਰੇ ਪਿਤਾ ਜੀ ਦੇ ਘਰ ਵਲ ਤੁਰੀ ਅਗੇ ਜਾਕੇ ਕੀ ਵੇਖਦੀ ਹਾਂ ਕਿ ਮੇਰੇ ਪਿਤਾ ਜੀ ਸਾਹਮਣੇ ਬੈਠੇ ਹਨ ਉਹ ਮੈਨੂੰ ਦੇਖਦੇ ਹੀ ਉਠ ਖਲੋਤੇ ਤੇ ਪਿਆਰ ਨਾਲ ਮੈਨੂੰ ਛਾਤੀ ਨਾਲ ਲਾਕੇ ਰੋਣ ਲਗ ਪਏ ਜੋ

ਖੁਸ਼ੀ ਉਸ ਵੇਲੇ ਉਨਾਂ ਨੂੰ ਹੋਈ ਉਸਦਾ ਮੈਂ ਅੰਦਾਜਾ ਨਹੀਂ ਲਾ ਸਕਦੀ ਉਨਾਂ ਮੈਨੂੰ ਮੇਰੇ ਇਨੇ ਦਿਨ ਨ ਕੇ ਰੈਹਨ ਬਾਬਤ ਪੁਛਿਆ ਤਾਂ ਮੈਂ ਇਨਾਂ ਹੀ ਉਤਰ ਦਿਤਾ ਕਿ ਆਪਨੇ ਪਤੀ ਜੀ ਦੇ ਪਾਸ ਰਹੀ ਹਾਂ ਹੋਰ ਕੋਈ ਉਤਰ ਨਹੀਂ ਦਿਤਾ, ਪਰ ਇਹ ਵੀ ਨਾਲ ਹੀ ਆਖ ਦਿਤਾ ਸੀ ਕਿ ਚਾਰ ਦਿਨਾਂ ਤਕ ਇਥੇ ਆਵਨਗੇ ਮੈਂ ਆਪਨੀ ਛੋਟੀ ਭੈਨ ਨੂੰ ਇਹ ਸਭ ਕੁਝ ਕੈਹ ਦਿਤਾ ਸੀ ਉਹਦਾ ਸੁਭਾ ਸਦਾ ਹਾਸੇ ਠੱਠੇ ਵਾਲਾ ਸੀ,

ਨਿਹਾਲ ਕੌਰ (ਮੇਰੀ ਛੋਟੀ ਭੈਨ ਦਾ ਨਾ ਸੀ) ਜੇ ਜੀਜਾ ਜੀ ਇਨੇ ਹੀ ਭੋਲੇ ਭਾਲੇ ਹਨ ਤਾਂ ਮੈਂ ਵੀ ਇਕ ਨਵਾਂ ਤਮਾਸ਼ਾ ਕਰਾਂਗੀ।

ਮੈਂ–ਜਰੂਰ ਪੁਛੋ ਮੇਰੀ ਭੀ ਏਹੋ ਹੀ ਸਲਾਹ ਹੈ ਅਸਾਂ ਦੋਹਾਂ ਭੈਨਾਂ ਨੇ ਸਲਾਹ ਕਰ ਲਈ ਮੈਂ ਉਸਨੂੰ ਇਹਵੀ ਦਸ ਦਿਤਾ ਸੀ ਕਿ ਤੇਰੇ ਜੀਜੇ ਜੀ ਨੂੰ ਮੇਰੀ ਬਾਬਤ ਅਜੇ ਕੁਝ ਪਤਾ ਨਹੀਂ ਹੈ, ਇਸ ਕਰਕੇ ਕੋਈ ਇਸ ਪਾਸੇ ਦੀ ਗਲ ਨ ਕਰਨੀ।

ਉਹ ਆਪਨੇ ਇਕਰਾਰ ਤੇ ਆ ਗਏ ਮਾਤਾ ਪਿਤਾ ਜੀ ਨੇ ਉਨਾਂ ਦੀ ਖਾਤਰ ਕੀਤੀ ਉਨਾਂ ਨੇ ਮੇਰੀ ਵਲੋਂ ਕਿਸੇ ਪਾਸੋਂ ਅਜੇ ਕੁਝ ਸੁਣਿਆਂ ਵੀ ਨਹੀਂ ਸੀ ਤੇ ਉਹ ਸ਼ਰਮ ਮਾਰੇ ਪੁਛਦੇ ਕਿਨੂੰ ਹਾਂ ਜਦੋਂ ਉਹ ਹਥ ਧੋਨ ਆਏ ਸਨ ਮੈਂ ਉਨਾਂ ਨੂੰ ਲੁਕ ਕੇ ਵੇਖ ਲਿਆ ਸੀ ਉਹ ਉਦਾਸ ਹੋਏ ੨ ਸਨ।

ਮੈਂ ਤਾਂ ਸਾਹਮਨੇ ਅਜੇ ਤਕ ਹੋਈ ਹੀ ਨਹੀਂ ਸਾਂ ਤਰਕਾਲਾਂ ਪੈਨ ਤੇ ਨਿਹਾਲ ਕੌਰ ਤੇ ਹੋਰ ਆਂਡ ਗੁਆਂਡ ਦੀਆਂ ਕੁੜੀਆਂ ਸਾਰੀਆਂ ਕੱਠੀਆਂ ਹੋਕੇ ਉਨਾਂ ਦੇ ਆਲੇ ਦੁਆਲੇ ਹੋਕੇ ਬੈਹ ਗਈਆਂ ਤੇ ਲਗੀਆਂ ਮਖੌਲ ਕਰਨ।

ਮੈਂ–ਪਰਦੇ ਉਹਲੇ ਖਲੋ ਗਈ ਤੇ ਲਗੀ ਗਲਾਂ

ਸੁਨਣ ਗਲਾਂ ਬੜੀਆਂ ਹਾਸੇ ਠੱਠੇ ਵਾਲੀਆਂ ਸਨ, ਅਖੀਰ ਉਨ੍ਹਾਂ ਪਾਸੋਂ ਜਦ ਨ ਰਿਹਾ ਗਿਆ ਤਾਂ ਪੁਛਿਆਂ ਨਿਹਾਲ ਕੌਰੇ ਤੇਰੀ ਵਡੀ ਭੈਣ ਕਿਥੇ ਹੈ।

ਨਿਹਾਲ ਕੌਰ--(ਇਕ ਲੰਮੀ ਤੇ ਠੰਡੀ ਆਹ ਭਰਕੇ) ਮੈਂ ਕੀ ਜਾਣਾ ਮੈਨੂੰ ਕੀ ਪਤਾ ਹੈ, ਰੱਬਾ ! ਕਾਲਾ ਦੇਗੀ ਦਾ ਨਾਸ ਕਰੀਂ ਜਿਸ ਕਰਕੇ ਅੱਜ ਮੇਰੀ ਭੈਨ ਦਾ ਪਤਾ ਨਹੀਂ ਲਗਦਾ ਕਿ ਕਿਥੇ ਹੈ॥

ਇਨ੍ਹਾਂ ਸੁਨਦੇ ਹੀ ਉਨ੍ਹਾਂ ਦਾ ਚੇਹਰਾ ਉਡ ਗਿਆ ਜੋ ਰੌਨਕ ਪੈਹਲਾਂ ਸੀ ਉਹ ਹਰਨ ਹੋ ਗਈ ਅਖਾਂ ਵਿਚ ਪਾਨੀ ਭਰ ਆਇਆ (ਅੱਖਾਂ ਪੂੰਝ ਕੇ ਤੇ ਮੂੰਹ ਵਟਕੇ) ਕੀ ਪਰਸੋਂ ਚੌਥੇ ਇਥੇ ਕੋਈ ਬਸੰਤ ਕੌਰ ਦੇ ਨਾ ਵਾਲੀ ਕੋਈ ਤੀਵੀਂ ਨਹੀਂ ਆਈ ?

ਨਿਹਾਲ ਕੌਰ--ਮੈਂ ਨਹੀਂ ਜਾਨਦੀ ਕਿ ਬਸੰਤ ਕੌਰ ਸੀ ਕਿ ਕੋਈ ਹੋਰ ਸੀ ਪਰ ਇਕ ਤੀਵੀਂ ਪਾਲਕੀ ਵਿਚੋਂ ਉਤਰੀ ਸੀ ਤੇ ਸਿਧੀ ਬੁਰਜ ਵਾਲ ਘਰ ਵਲ ਚਲੀ ਗਈ ਸੀ, ਜਦ ਉਹ ਘਰ ਵਿਚ ਵੜੀ ਤਾਂ ਵੜਦਿਆਂ ਹੀ ਇਕ ਨਵੀਂ ਗਲ ਹੋਈ ਉਹ ਇਹ ਕਿ ਇਕ ਦਮ ਅਸਮਾਨ ਤੇ ਕਾਲੀ ਘਟਾ ਆ ਗਈ ਦਿਨ ਨੂੰ ਹੀ ਰਾਤ ਬਨ ਗਈ। ਤਾਂ ਉਸੇ ਵੇਲੇ ਉਹ ਤੀਵੀਂ ਇਕ ਚਮਕੀਲੇ ਪ੍ਰਕਾਸ਼ ਦੇ ਘੇਰੇ ਵਿਚ ਅੰਦੋਂ ਨਿਕਲੀ ਤੇ ਝਟ ਪਟ ਅਸਮਾਨ ਵਲ ਉਡ ਗਈ ਫੇਰ ਪਤਾ ਨਹੀਂ ਜੋ ਕੀ ਹੋਇਆ॥

ਪਤੀ ਜੀ ਉਸ ਵੇਲੇ ਪ੍ਰਸ਼ਾਦ ਛਕਣ ਵਾਸਤੇ ਹੱਥ ਧੋਨ ਲਗੇ ਸਨ ਇਹ ਗਲ ਸੁਣ ਉਨ੍ਹਾਂ ਝਟ ਹਥ ਖਿਚ ਲਏ ਤੇ ਮੱਥੇ ਉਤੇ ਹੱਥ ਰਖਕੇ ਸੋਚਾਂ ਵਿਚ ਪੈ ਗਏ, ਥੋੜੇ ਚਿਰ ਪਿਛੋਂ ਬੋਲੇ, 'ਜਿਥੇ ਉਹ ਤੀਵੀਂ ਅੰਤਰ ਧਿਆਨ ਹੋ ਗਈ

ਸੀ ਕੀ ਮੈਂ ਭੀ ਉਸ ਘਰ ਨੂੰ ਵੇਖ ਸਕਦਾ ਹਾਂ।

ਨਿਹਾਲ ਕੌਰ--ਹਾਂ! ਹਾਂ! ਤੁਸੀਂ ਦੇਖ ਸਕਦੇ ਹੋ ਹੁਨ ਅੰਨੇਰਾ ਹੋ ਗਿਆ ਹੈ ਜ਼ਰਾ ਸਬਰ ਕਰੋ ਮੈਂ ਲੈਂਪ ਲੈ ਆਉਂਦੀ ਹਾਂ ਉਹ ਮੈਨੂੰ ਸੈਨਤ ਮਾਰਦੀ ਹੋਈ ਦੀਵਾ ਲੈਨ ਚਲੀ ਗਈ।

ਮੈਂ ਬਾਰੀ ਰਾਹੀਂ ਨਿਕਲ ਕੇ ਬਰਾਂਡੇ ਵਿਚ ਬੈਠ ਗਈ ਜਦ ਉਹ ਮੇਰੇ ਕੋਲੋਂ ਲੰਘ ਤਾਂ ਬੇਹੋਸ਼ ਹੋ ਡਿਗ ਪਏ ਅਸਾਂ ਦੋਹਾਂ ਨੇ ਗੁਲਾਬ ਛਿੜਕਿਆ ਜਦ ਉਹ ਜ਼ਰਾ ਹੋਸ਼ ਵਿਚ ਆਉਂਦੇ ਦਿਸੇ ਤਾਂ ਨਿਹਾਲ ਕੌਰ ਬੋਲੀ ਉਠੋ ਭੈਨ ਜੀ ਚਲੀਏ ਏਹ ਤਾਂ ਇਸੇ ਤਰਾਂ ਹੀ ਪਏ ਰੈਹਨਗੇ?

ਭੈਨ ਦਾ ਨਾਮ ਸੁਣਦੇ ਹੀ ਉਹ ਉਠ ਖਲੋਤੇ ਤੇ ਬੇਹੋਸ਼ੀ ਦੀ ਗਲ ਨੂੰ ਲੁਕਾਉਂਦੇ ਹੋਏ ਆਪਨੇ ਆਪ ਨੂੰ ਹੋਸ਼ ਵਿਚ ਦਸਦੇ ਹੋਏ ਬੋਲੇ, ਦਸ ਖਾਂ ਤੇਰੀ ਭੈਨ ਕਿਥੇ ਹੈ।

ਨਿਹਾਲ ਕੌਰ–ਬੜੀ ਤੇਜ਼ੀ ਨਾਲ ਉਚੀ ਬੋਲੀ ਕੇ ਕੀ ਤੁਹਾਨੂੰ ਪਤਾ ਨਹੀਂ ਹੈ, ਕਿ ਮੇਰੀ ਪਿਆਰੀ ਭੈਨ, ਕ੍ਰਿਪਾਲ ਕੌਰ ਕਿਥੇ ਹੈ ਤੁਸੀਂ ਪਛਾਨ ਨਹੀਂ ਸਕੇ ਇਹ ਆਖਦੀ ਹੋਈ ਨਿਹਾਲ ਕੌਰ ਨੇ ਦੀਵਾ ਬੁਝਾ ਦਿਤਾ ਤੇ ਉਨ੍ਹਾਂ ਦਾ ਹੱਥ ਫੜਕੇ ਖਿਚਦੀ ਹੋਈ ਲੈ ਗਈ ਤੇ ਸੌਣ ਵਾਲੇ ਕਮਰ ਵਿਚ ਵਾੜ ਦਿਤਾ ਉਥੇ ਲੈਂਪ ਜਗ ਰਿਹਾ ਸੀ॥

## ੨੧.

ਮੈਂ ਉਨਾਂ ਦੇ ਪੁਜਣ ਤੋਂ ਪੈਹਲਾ ਹਾਂ ਦੌੜ ਕੇ ਉਥੇ ਜਾਕੇ ਬੈਠ ਗਈ ਸਾਂ ਜਦ ਉਨਾਂ ਮੈਨੂੰ ਚਾਨਣੇ ਵਿਚ ਵੇਖਿਆ ਤਾਂ ਹੈਰਾਨ ਹੋਕੇ ਬੋਲੇ ਬਸੰਤ ਕੌਰ, ਕ੍ਰਿਪਾਲ ਕੌਰ ਦੇਵ ਕੰਨਿਆ ਯਾ ਹਰ ਕੋਈ ਮੈਂ ਕੀ ਨਾਮ ਆਖਕੇ ਸਦਾਂ ਕਝ

ਸਮਝ ਨਹੀ ਪੈਂਦੀ।

ਨਿਹਾਲ ਕੌਰ ਬੋਲੀ ਇਸੇ ਅਕਲ ਨਾਲ ਰੁਪੈਆ ਕਮਾਇਆ ਸਾਜੇ ਆਪਣੀ ਵਿਆਹੁੜ ਇਸਤਰੀ ਨੂੰ ਵੀ ਨਹੀ ਪਛਾਨ ਸਕਦੇ ਇਹੋ ਹੀ ਕ੍ਰਿਪਾਲ ਕੌਰ ਹੈ।

ਸੁਖ ਦੇ ਦਿਨ ਬੀਤਦਿਆਂ ਪਤਾ ਨਹੀਂ ਲਗਦਾ ਮੈਨੂੰ ਪੇਕੇ ਘਰ ਰਹਿੰਦਿਆਂ ਇਕ ਮਹੀਨਾ ਬੀਤ ਗਿਆ। ਪਤੀ ਜੀ ਨੇ ਆਪਣੇ ਘਰ ਜਾਣ ਦੀ ਤਿਆਰੀ ਕੀਤੀ। ਸਭ ਨਾਲ ਸਲਾਹ ਮਸ਼ਵਰਾ ਕਰਕੇ ਤੁਰਨ ਦਾ ਦਿਨ ਨੀਯਤ ਕੀਤਾ ਗਿਆ। ਪਿਤਾ ਜੀ ਨੇ ਦੂਜੀ ਵਾਰੀ ਵਿਤੋਂ ਵਧ ਦਾਜ ਦੇਕੇ ਤੋਰਿਆ।

ਸਹੁਰੇ ਘਰ ਪੁਜਕੇ ਮੇਰੇ ਦਿਨ ਚੰਗੇ ਲੰਘਣ ਲਗੇ। ਕਦੀ ਕਦੀ ਪਤੀ ਜੀ ਨਾਲ ਮੈਂ ਕਲਕਤੇ ਜਾਂਦੀ ਹੁੰਦੀ ਸਾਂ ਤੇ ਭੈਣ ਰਤਨ ਕੌਰ ਨੂੰ ਮਿਲਕੇ ਬੜੀ ਪ੍ਰਫੁਲਤ ਹੁੰਦੀ ਸਾਂ ਉਸਨੂੰ ਵੀ ਕੋਈ ਘੱਟ ਅਨੰਦ ਨਹੀਂ ਸੀ ਹੁੰਦਾ।

ਸਮੇਂ ਅਨੁਸਾਰ ਮੇਰੇ ਘਰ ਵਾਹਿਗੁਰੂ ਨੇ ਕਾਕੀ ਬਖਸ਼ੀ। ਜਵਾਨ ੋਣ ਤੇ ਸ੍ਰ: ਗਜਿੰਦ੍ਰ ਸਿੰਘ ਜੀ ਦੇ ਕਾਕੇ ਨਾਲ ਅਨੰਦ ਕਾਰਜ ਕਰ ਦਿਤਾ ਗਿਆ ਤੇ ਇਸਤਰਾਂ ਮੇਰਾ ਰਤਨ ਕੌਰ ਨਾਲ ਪੱਕਾ ਰਿਸ਼ਤਾ ਹੋਗਿਆ।

ਵਾਹਿਗੁਰੂ ਕਰੇ ਸਭ ਦੇ ਇਸੇ ਤਰਾਂ ਦੇ ਸੁਖ ਦੇ ਦਿਨ ਆਵਣ ॥

॥ ਇਤਿ ॥

# ਸੁਆਦਲੇ ਨਾਵਲ

ਡਾਕੂ ਮੈਕੈਅਰ ਰਾਜਪਾਲ ਸਿੰਘ ੩ ਹਿਸੇ ਫੀ ਹਿ: ॥) ਜਗਤ ਤਮਾਸ਼ਾ ਤਿੰਨ ਹਿਸੇ ਫੀ ਹਿਸਾ ॥।), ਜੋਗਨ ਜਾਦੂ ਗਰਨੀ ॥ = ), ਜ਼ਬੇਲਾ ।), ਕੁਸਮਲਤਾ ਚਾਰ ਭਾਗ ਫੀ ॥), ਰਣਜੀਤ ਕੌਰ ॥।), ਸ੍ਰੀ ਮਤੀ ਸੁੰਦ੍ਰੀ ਜੀ । = ), ਰਾਜ ਰਾਨੀ ਸਵਾਦਲਾ ਨਾਵਲ ।), ਲੜਾਕੀ ਸੱਸ । = ), ਬਹਾਦਰ ਸਿੰਘਣੀ ।) ਚੰਚਲ ਮੂਰਤੀ ॥), ਵੌਹਟੀ ਗਭਰੂ ॥), ਕਾਦੰਬ੍ਰੀ ॥), ਕਾਲਾ ਦੇਗੀ ਦੀ ਲੁਟ ਮੁਕੰਮਲ ਦੋ ਭਾਗ ॥), ਚੀਨ ਦੀਆਂ ਕਹਾਨੀਆਂ ॥) ਜੀਵਨ ਬੇਬੇ ਨਾਨਕੀ ਜੀ ॥), ਪਰੇਟ ਦਾ ਮੁਰਦਾ । = ), ਜੀਵਨ ਜੁਗਤੀ ੧), ਪ੍ਰਕਾਸ਼ ਕੌਰ ਚਾਰ ਹਿਸੇ ੨), ਰੂਪ ਕੌਰ ॥।), ਨੀਤੀ ਰਤਨ ਭੰਡਾਰ ॥।), ਫਸਾਨਾ ਅਜਾਇਬ ॥।), ਦੁਖੀ ਨਾਮਾ ਜੇਹਲ ਦੀ ਕਹਾਨੀ ।), ਦਰਦ ਸੁਨੇਹੇ ਦੋਵੇਂ ਹਿਸੇ ॥ = ), ਕੁਸ਼ਮ ਕੁਮਾਰੀ ਮੁਕੰਮਲ ੪ ਭਾਗ ੧॥), ਨਕਲੀ ਸਿਖ ਪ੍ਰਬੋਧ ॥ = ), ਸਚਾ ਮਿ ॥), ਹਾਇਹਾਇ ਨਿਯੋਗ ।–), ਸੁਕਾ ਸਮੁੰਦਰ॥।), ਸ਼ਰਾਬ ਕੌਰ । = ) ਬ੍ਰਹਮਾ ਦੀ ਸੈਰ ।), ਮੋਖਸ਼ ਮਾਰਗ ੧), ਚੰਦ੍ਰਕਾਂਤਾ ੨੯ ਹਿਸੇ ਫੀ ਹਿਸਾ ॥) ਮਾਲ ਗੁਦਾਮ ਵਿਚ ਚੋਰੀ ≡ ), ਕਮਾਈ ਦੀ ਬਰਕਤ ।), ਬਿਉਪਾਰ ਦੀ ਬਰਕਤ ।),

---

ਪਤਾ–ਪ੍ਰਤਾਪ ਸਿੰਘ ਸੁੰਦਰ ਸਿੰਘ ਪੁਸਤਕਾਂ ਵਾਲੇ
ਬਾਜ਼ਾਰ ਮਾਈ ਸੇਵਾਂ ਸ੍ਰੀ ਅੰਮ੍ਰਿਤਸਰ ਜੀ

# ਕਿਸੇ ਕਹਾਨੀਆਂ

ਅਲਫ ਲੈਲਾਂ ਵਡੀ ਹਜ਼ਾਰ ਕਹਾਨੀ ੪), ਬਾਗੋ-ਬਹਾਰ ਚਾਰ ਦ੍ਰਵੇਸ਼ ।।।), ਬੈਤਾਲ ਪਚੀਸੀ ੨੫ ਕਹਾਣੀਆਂ ।—), ਸਿੰਘਾਸਨ ਬਤੀਸੀ ੩੨ ਕਹਾਨੀਆਂ ।।), ਗੁਲ-ਬਕਾਵਲੀ ਵੱਡੀ ।।), ਤੋਤਾ ਮੈਨਾ ੪ ਹਿੱਸੇ ।=), ਹਾਸੇ ਦਾ ਸਮੁੰਦਰ =), ਵਡਾ ।=), ਬੀਰਬਲ ਨਾਮਾ ।।), ਫਸਾਨਾ ਅਜਾਇਬ ।।।), ਸੋਹਣੀ ਫਜ਼ਲ ਸ਼ਾਹ ।), ਸੋਹਣੀ ਸਦਾਰਾਮ ਅਸਲੀ ।), ਸੋਹਣੀ ਸਦਾ ਰਾਮ ਅੰਮ੍ਰਤਸਰੀ ≡), ਸੋਹਣੀ ਪਾਲ ਸਿੰਘ ਵਾਲੀ ।=), ਸਸੀ ਪੁੰਨੂੰ ਹਾਸ਼ਮ —), ਮਿਰਜ਼ਾ ਸਾਹਿਬਾਂ ਜੀਵਾ ਸਿੰਘ ।=), ਮਿਰਜ਼ਾ ਸਾਹਿਬਾਂ ਸੂਰਾਂ ਵਾਲਾ ।), ਹੀਰ ਵਾਰਿਸ਼ਾਹ ਵਡੀ ਜਿਲਦ ਸਮੇਤ ੧), ਹੀਰ ਵਾਰਿਸ਼ਾਹ ਦਰਮਿਆਨੀ ।।), ਹੀਰ ਭਗਵਾਨ ਸਿੰਘ ਬੈਂਤਾਂ ਵਿਚ ।—), ਭਰਥਰੀ ਹਰੀ ਨਾਟਕ ਵਾਲਾ ੫), ਨਲ ਦਮਯੰਤੀ ਨਾਟਕ ੧), ਨਲ ਦਮਯੰਤੀ ਮਾਤ੍ਰਕ ।।।), ਸ਼ਾਹਣੀ ਕੌਲਾਂ ।),ਰੂਪ ਬਸੰਤ ਦੌਲਤਰਾਮ ਵੱਡਾ ਅਸਲੀ੧), ਰੂਪ ਬਸੰਤ ਦੌਲਤਰਾਮ ਅੰਮ੍ਰਿਤਸਰੀ ।।।), ਦੁਲਾ ਭਟੀ ਵੱਡਾ ।), ਪ੍ਰਤਾਪੀ ਗੋਕਲ ਚੰਦ =), ਸ਼ਾਮੋ ਮਿਤ ਸਿੰਘ ≡), ਸ਼ਾਮੋ ਨਰੈਣ ਸਿੰਘ ।), ਦਿਲ ਖੁਰਸ਼ੈਦ ਛੋਟਾ ≡), ਦਿਲ ਖੁਰਸ਼ੈਦ ਰੌਸ਼ਨ ਦੀਨ ਵਾਲਾ ≡)

ਇਨਾਂ ਤੋਂ ਇਲਾਵਾ ਹੋਰ ਸਭ ਛੋਟੇ ਵਡੇ ਕਿਸੇ ਕਹਾਨੀਆਂ ਮਿਲ ਸਕਦੇ ਹਨ ।

ਪਤਾ--ਪ੍ਰਤਾਪ ਸਿੰਘ ਸੁੰਦਰ ਸਿੰਘ ਪੁਸਤਕਾਂ ਵਾਲੇ
ਬਾਜ਼ਾਰ ਮਾਈ ਸੇਵਾਂ ਸ੍ਰੀ ਅੰਮ੍ਰਤਸਰ ਜੀ